ਵੀਰਵਾਰ, 8 ਅਕਤੂਬਰ, 2026

22 ਅੱਸੂ { ਨਾਨਕਸ਼ਾਹੀ 558 / ਬਿਕਰਮੀ 2083

ਜਿਲਦ/VOL. : 75

ਅੰਕ/NO. : 128


# ਰੋਜ਼ਾਨਾ ਨਵਾਂ ਜ਼ਮਾਨਾ


DAILY NAWAN ZAMANA • THURSDAY, 8 OCTOBER, 2026 ਜਲੰਧਰ



'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV



ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12


# ਹਾਕਮਾਂ ਨੂੰ ਜੰਤਰ-ਮੰਤਰ ਫੋਬੀਆ

## ਧਰਨਾ ਦੇਣ ਜਾ ਰਹੇ ਇੰਡੀਆ ਬਲਾਕ ਦੇ ਆਗੂਆਂ ਨੂੰ ਹਿਰਾਸਤ 'ਚ ਲਿਆ

ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ) ਬੁੱਧਵਾਰ ਸ਼ਾਂਗਰੀ-ਲਾ ਹੋਟਲ ਦੇ ਨੇੜੇ ਗੋਲ ਚੱਕਰ 'ਤੇ ਧਰਨਾ ਦੇਣ ਮੌਕੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਉਨ੍ਹਾ ਦੀ ਭੈਣ ਪ੍ਰਿਅੰਕਾ ਗਾਂਧੀ ਵਾਡਰਾ ਤੇ ਇੰਡੀਆ ਬਲਾਕ ਦੇ ਕਈ ਸਾਂਸਦਾਂ ਨੂੰ ਪੁਲਸ ਨੇ ਜ਼ਬਰਦਸਤੀ ਹਟਾ ਕੇ ਹਿਰਾਸਤ ਵਿੱਚ ਲੈ ਲਿਆ। ਰਾਹੁਲ ਗਾਂਧੀ ਅਤੇ ਹੋਰ ਸੰਸਦ ਮੈਂਬਰ ਅਤੇ ਨੇਤਾ ਬੱਸਾਂ ਵਿੱਚ ਸਵਾਰ ਹੋ ਕੇ ਜੰਤਰ-ਮੰਤਰ ਪ੍ਰਦਰਸ਼ਨ ਵਾਲੀ ਥਾਂ ਵੱਲ ਜਾ ਰਹੇ ਸਨ। ਉਨ੍ਹਾਂ ਨੇ ਗੋਲ ਚੱਕਰ 'ਤੇ ਹੀ ਧਰਨਾ ਦਿੱਤਾ, ਜਿਸ ਵਿੱਚ ਪ੍ਰਿਅੰਕਾ ਗਾਂਧੀ ਸੰਵਿਧਾਨ ਦੀ ਇੱਕ ਕਾਪੀ ਹੱਥ ਵਿੱਚ ਫੜ ਕੇ ਹੋਰ ਮਹਿਲਾ ਨੇਤਾਵਾਂ ਨਾਲ ਸੜਕ 'ਤੇ ਲੇਟ ਗਈ। ਸੁਰੱਖਿਆ ਕਰਮੀ ਮੌਕੇ 'ਤੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਅਤੇ ਉਨ੍ਹਾਂ ਨੇ ਪਹਿਲਾਂ ਰਾਹੁਲ ਗਾਂਧੀ ਨੂੰ ਜ਼ਬਰਦਸਤੀ ਹਟਾਇਆ ਅਤੇ ਆਪਣੇ ਮੋਢਿਆਂ 'ਤੇ ਚੁੱਕ ਕੇ ਪੁਲਸ ਬੱਸ ਦੇ ਅੰਦਰ ਬਿਠਾ ਦਿੱਤਾ। ਕਾਂਗਰਸ ਦੇ ਕੁਝ ਨੇਤਾਵਾਂ, ਜਿਨ੍ਹਾਂ ਵਿੱਚ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਉਦੈ ਭਾਨੂ ਚਿੱਬ ਸ਼ਾਮਲ





ਹਨ, ਰਾਹੁਲ ਗਾਂਧੀ ਨੂੰ ਲੈ ਕੇ ਜਾ ਰਹੀ ਬੱਸ ਦੀ ਛੱਤ 'ਤੇ ਚੜ੍ਹ ਗਏ, ਜਦੋਂ ਕਿ ਮੁਮਤਾਜ਼ ਪੈਟਲ ਬੋਨਟ 'ਤੇ ਬੈਠ ਗਏ। ਇਸ ਤੋਂ ਬਾਅਦ ਮਹਿਲਾ ਪੁਲਸ ਕਰਮਚਾਰੀਆਂ ਦੀ ਇੱਕ ਵੱਡੀ ਟੁਕੜੀ ਨੇ ਪ੍ਰਿਅੰਕਾ ਗਾਂਧੀ ਅਤੇ ਹੋਰ ਔਰਤਾਂ ਨੂੰ ਹਟਾਉਣਾ ਸ਼ੁਰੂ ਕਰ ਦਿੱਤਾ, ਜੋ ਸੜਕ 'ਤੇ ਲੇਟੀਆਂ ਹੋਈਆਂ ਸਨ। ਉਨ੍ਹਾਂ ਨੂੰ ਜ਼ਬਰਦਸਤੀ ਹਟਾਇਆ ਗਿਆ ਅਤੇ ਬੱਸਾਂ ਵਿੱਚ ਬਿਠਾਇਆ ਗਿਆ ਅਤੇ ਮੌਕੇ ਤੋਂ ਦੂਰ ਲੈ ਜਾਇਆ ਗਿਆ। ਸੀ ਪੀ ਆਈ ਸਾਂਸਦਾਂ ਸਣੇ ਕਈ ਹੋਰ ਵਿਰੋਧੀ ਸੰਸਦ ਮੈਂਬਰਾਂ ਨੂੰ ਵੀ ਪੁਲਸ ਨੇ ਹਿਰਾਸਤ ਵਿੱਚ ਲੈ ਲਿਆ। ਦਿੱਲੀ ਪੁਲਸ ਨਾਲ ਹੋਈ ਤਿੱਖੀ ਝੜਪ, ਰਾਹੁਲ ਗਾਂਧੀ ਸਮੇਤ ਹੋਰ ਵਿਰੋਧੀ ਆਗੂਆਂ ਨੂੰ ਹਿਰਾਸਤ ਵਿੱਚ ਲਏ ਜਾਣ ਅਤੇ ਕਈ ਪ੍ਰਦਰਸ਼ਨਕਾਰੀਆਂ 'ਤੇ ਐੱਫ ਆਈ ਆਰ ਦਰਜ ਹੋਣ ਤੋਂ ਇੱਕ ਦਿਨ ਬਾਅਦ 'ਇੰਡੀਆ' ਗੱਠਜੋੜ ਨੇ 'ਵੋਟ ਚੋਰੀ' ਖਿਲਾਫ ਆਪਣੀ ਲੜਾਈ ਨੂੰ ਜੰਤਰ-ਮੰਤਰ ਲਿਜਾਣ ਦਾ ਫੈਸਲਾ ਕੀਤਾ। ਇਹ ਫੈਸਲਾ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਦੀ ਜਨਪਥ ਸਥਿਤ 'ਸਾਗਰ ਰਤਨਾ' ਰੈਸਟੋਰੈਂਟ ਵਿੱਚ ਦੁਪਹਿਰ ਦੇ ਖਾਣੇ 'ਤੇ ਹੋਈ • ਬਾਕੀ ਸਫਾ 2 'ਤੇ

# ਦਿੱਲੀ 'ਵਾਜ਼ਾਂ ਮਾਰਦੀ

## ਨੌਜਵਾਨਾਂ ਨੂੰ 10 ਦੀਆਂ ਟਿਕਟਾਂ ਕਟਾ ਲੈਣ ਦਾ ਸੱਦਾ

**ਨਵੀਂ ਦਿੱਲੀ** : ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਅਤੇ ਵਿਦਿਆਰਥੀ ਸੰਗਠਨਾਂ ਨੇ ਬੁੱਧਵਾਰ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਿਰੁੱਧ 10 ਅਕਤੂਬਰ ਨੂੰ ਹੋਣ ਵਾਲੇ ਆਪਣੇ ਵਿਰੋਧ ਪ੍ਰਦਰਸ਼ਨ ਤੋਂ ਪਹਿਲਾਂ ਦੇਸ਼ਵਿਆਪੀ ਲਾਮਬੰਦੀ ਦਾ ਸੱਦਾ ਦਿੰਦਿਆਂ ਚੇਤਾਵਨੀ ਦਿੱਤੀ ਕਿ ਅੰਦੋਲਨ ਲੰਮਾ ਹੋ ਸਕਦਾ ਹੈ ਅਤੇ ਚੋਣ ਪ੍ਰਣਾਲੀ ਵਿੱਚ ਸੁਧਾਰ ਹੋਣ ਤੱਕ ਜਾਰੀ ਰਹੇਗਾ। ਸਾਂਝੀ ਪ੍ਰੈੱਸ ਕਾਨਫਰੰਸ ਵਿੱਚ, ਸੀ ਜੇ ਪੀ, ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਏ ਆਈ ਐੱਸ ਏ), ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏ ਆਈ ਐੱਸ ਐੱਫ), ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ (ਐੱਸ ਐੱਫ ਆਈ) ਤੇ ਆਮ ਆਦਮੀ ਪਾਰਟੀ ਦੇ ਵਿਦਿਆਰਥੀ ਵਿੰਗ ਐਸੋਸੀਏਸ਼ਨ ਆਫ ਸਟੂਡੈਂਟਸ ਫਾਰ ਅਲਟਰਨੇਟਿਵ ਪਾਲੀਟਿਕਸ (ਏ ਐੱਸ ਏ ਪੀ) ਨੇ ਚੋਣ ਕਮਿਸ਼ਨ ਵਿਰੁੱਧ ਸਾਂਝੀ ਮੁਹਿੰਮ ਦਾ ਸਮਰਥਨ ਕੀਤਾ। ਇਨ੍ਹਾਂ ਸਮੂਹਾਂ ਨੇ ਇੰਡੀਆ ਬਲਾਕ ਦੇ ਸੰਸਦ ਮੈਂਬਰਾਂ ਦੇ 6 ਅਕਤੂਬਰ ਦੇ ਵਿਰੋਧ ਮਾਰਚ ਦਾ ਸਮਰਥਨ ਕੀਤਾ ਅਤੇ ਇਸ ਟਕਰਾਅ ਨੂੰ ਲੋਕਤੰਤਰ ਦੀ ਰੱਖਿਆ ਕਰਨ ਵਾਲੇ ਲੋਕਾਂ ਅਤੇ ਭਾਜਪਾ ਵਿਚਕਾਰ ਇੱਕ ਵਿਸ਼ਾਲ ਸੰਘਰਸ਼ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਸੀ ਜੇ ਪੀ ਦੇ ਕੋ-ਕਨਵੀਨਰ ਸੌਰਵ ਦਾਸ ਨੇ ਦੇਸ਼ ਭਰ ਦੇ ਲੋਕਾਂ ਨੂੰ ਦਿੱਲੀ ਦੀ ਯਾਤਰਾ ਕਰਨ ਅਤੇ ਲੰਮੇ ਅੰਦੋਲਨ ਦੀ ਤਿਆਰੀ ਕਰਨ ਦੀ ਅਪੀਲ ਕੀਤੀ। ਉਸ ਨੇ ਕਿਹਾ, 'ਇਹ ਲੜਾਈ ਸੌਖੀ ਨਹੀਂ ਹੋਣ ਵਾਲੀ। ਮੈਂ ਦੇਸ਼ ਭਰ ਦੇ ਸਾਰੇ ਲੋਕਾਂ ਨੂੰ ਸਾਡੇ ਨਾਲ ਜੁੜਨ, ਰੇਲ ਗੱਡੀ ਅਤੇ ਉਡਾਣ ਦੀਆਂ ਟਿਕਟਾਂ ਬੁੱਕ ਕਰਨ ਦੀ ਅਪੀਲ ਕਰਦਾ ਹਾਂ।' ਦਾਸ ਨੇ ਕਿਹਾ ਕਿ ਪ੍ਰਦਰਸ਼ਨਕਾਰੀ ਗਿਆਨੇਸ਼ ਕੁਮਾਰ ਦੇ ਅਸਤੀਫਾ ਦੇਣ ਤੋਂ ਬਾਅਦ ਵੀ ਪਿੱਛੇ ਨਹੀਂ ਹਟਣਗੇ, ਕਿਉਂਕਿ ਸਾਰੀ ਚੋਣ ਪ੍ਰਣਾਲੀ ਨੂੰ ਸਾਫ ਕਰਨ ਦੀ ਲੋੜ ਹੈ। ਉਨ੍ਹਾ ਇਹ ਵੀ ਦੋਸ਼ ਲਗਾਇਆ ਕਿ ਭਾਜਪਾ ਦਾ ਇਹ ਕਦਮ 'ਸਦੀਵੀ ਸੱਤਾ ਦੀ ਲਾਲਸਾ' ਨੂੰ ਦਰਸਾਉਂਦਾ ਹੈ। ਸੀ ਜੇ ਪੀ ਦੀਆਂ ਮੰਗਾਂ ਵਿੱਚ ਕੁਮਾਰ ਦਾ ਅਸਤੀਫਾ ਅਤੇ ਉਨ੍ਹਾ ਵਿਰੁੱਧ ਅਪਰਾਧਿਕ ਕਾਰਵਾਈ ਸ਼ੁਰੂ ਕਰਨਾ, ਐੱਸ ਆਈ ਆਰ ਨੂੰ ਫ੍ਰੀਜ਼ ਕਰਨਾ, ਆਉਣ ਵਾਲੀਆਂ ਚੋਣਾਂ ਨੂੰ ਰੋਕਣਾ, ਜਨਵਰੀ 2025 ਦੀ ਵੋਟਰ ਸੂਚੀ ਨੂੰ ਬਹਾਲ ਕਰਨਾ ਅਤੇ ਸੁਤੰਤਰ ਜਾਂਚ ਦਾ ਆਦੇਸ਼ ਦੇਣਾ ਸ਼ਾਮਲ ਹੈ। ਵਿਦਿਆਰਥੀ ਆਗੂਆਂ ਨੇ ਚੋਣ ਕਮਿਸ਼ਨ ਵਿੱਚ ਨਿਯੁਕਤੀਆਂ ਨੂੰ ਨਿਯੰਤ੍ਰਿਤ ਕਰਨ ਵਾਲੇ 2023 ਦੇ ਕਾਨੂੰਨ ਨੂੰ ਰੱਦ ਕਰਨ ਅਤੇ ਇੱਕ ਸੁਤੰਤਰ ਅਤੇ ਭਰੋਸੇਯੋਗ ਚੋਣ ਪ੍ਰਕਿਰਿਆ ਸਥਾਪਤ ਕਰਨ ਦੀ ਵੀ ਮੰਗ ਕੀਤੀ ਹੈ। ਏ ਆਈ ਐੱਸ ਏ ਦੀ ਪ੍ਰਧਾਨ ਨੇਹਾ ਬੋਰਾ ਨੇ ਕਿਹਾ ਕਿ ਵਿਦਿਆਰਥੀਆਂ ਦੀ ਅਗਵਾਈ ਵਾਲੀ ਲਾਮਬੰਦੀ ਅਤੇ ਵਿਰੋਧੀ ਪਾਰਟੀਆਂ ਦੇ ਵਿਰੋਧ ਪ੍ਰਦਰਸ਼ਨਾਂ ਵਿੱਚ • ਬਾਕੀ ਸਫਾ 2 'ਤੇ

# ਨਸ਼ਾ ਵਿਰੋਧੀ ਯਾਤਰਾ ਸੁਪਰ ਫਲਾਪ ਹੋਣ 'ਤੇ ਭਾਜਪਾ ਬੁਖਲਾਈ : ਮਾਨ

**ਸੰਗਰੂਰ/ਧੂਰੀ (ਪ੍ਰਵੀਨ, ਬਿੰਨੀ ਗਰਗ, ਮਨੋਹਰ ਸੱਗੂ)** : ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਸੀ ਬੀ ਆਈ ਵੱਲੋਂ ਆਪਣੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਦੇ ਘਰ ਛਾਪੇਮਾਰੀ ਤੋਂ ਇੱਕ ਦਿਨ ਬਾਅਦ ਬੁੱਧਵਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਵਿਰੋਧੀਆਂ 'ਤੇ ਛਾਪੇਮਾਰੀ ਕਰਵਾਉਣਾ ਭਾਜਪਾ ਦੇ 'ਕੰਮ ਕਰਨ ਦਾ ਤਰੀਕਾ' ਹੈ। ਉਨ੍ਹਾ ਦਾਅਵਾ ਕੀਤਾ ਕਿ 7-8 ਘੰਟੇ ਚੱਲੀ ਇਸ ਤਲਾਸ਼ੀ ਦੌਰਾਨ ਕੇਂਦਰੀ ਏਜੰਸੀ ਨੂੰ ਕੁਝ ਵੀ ਇਤਰਾਜ਼ਯੋਗ ਜਾਂ ਸ਼ੱਕੀ ਨਹੀਂ ਮਿਲਿਆ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ 'ਤੇ ਸੀ ਬੀ ਆਈ ਨੇ ਮੰਗਲਵਾਰ • ਬਾਕੀ ਸਫਾ 2 'ਤੇ

### ਬਰੜਵਾਲ 'ਚ ਪਾਣੀ ਸੋਧਕ ਪਲਾਂਟ ਦਾ ਨੀਂਹ ਪੱਥਰ




**ਧੂਰੀ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਧੂਰੀ ਅਤੇ ਸੰਗਰੂਰ ਦੇ ਲੋਕਾਂ ਨੂੰ ਪੀਣ ਵਾਲੇ ਨਿਰਮਲ/ਸਾਫ਼ ਪਾਣੀ ਦਾ ਇੱਕ ਵੱਡਾ ਤੋਹਫਾ ਦਿੰਦਿਆਂ ਧੂਰੀ ਦੇ ਪਿੰਡ ਬਰੜ੍ਹਵਾਲ ਵਿਖੇ 47 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਤਿਆਰ ਹੋਣ • ਬਾਕੀ ਸਫਾ 2 'ਤੇ

# ਰਾਜਬੀਰ ਘੁੰਮਣ ਦੀ ਅਰਜ਼ੀ 'ਤੇ ਸੀ ਬੀ ਆਈ ਨੂੰ ਨੋਟਿਸ



**ਚੰਡੀਗੜ੍ਹ** : ਸਥਾਨਕ ਸੀ ਬੀ ਆਈ ਅਦਾਲਤ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਵੱਲੋਂ ਦਾਇਰ ਅਰਜ਼ੀ 'ਤੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੂੰ ਨੋਟਿਸ ਜਾਰੀ ਕੀਤਾ ਹੈ। ਘੁੰਮਣ ਨੇ ਅਰਜ਼ੀ ਦਾਇਰ ਕਰਕੇ ਕੇਂਦਰੀ ਜਾਂਚ ਬਿਊਰੋ ਖ਼ਿਲਾਫ਼ ਅਦਾਲਤੀ ਹੁਕਮਾਂ ਦੀ ਉਲੰਘਣਾ (ਅਦਾਲਤ ਦੀ ਮਾਣਹਾਨੀ) ਦੀ ਕਾਰਵਾਈ ਸ਼ੁਰੂ ਕਰਨ ਦੀ ਮੰਗ ਕੀਤੀ ਹੈ। ਰਾਜਬੀਰ ਘੁੰਮਣ ਨੇ ਦਾਇਰ ਅਰਜ਼ੀ 'ਚ ਕਿਹਾ ਕਿ ਸੀ ਬੀ ਆਈ ਨੇ ਉਨ੍ਹਾਂ ਵਿਰੁੱਧ ਦਰਜ ਕੇਸ ਨਾਲ ਸਬੰਧਤ ਐੱਫ਼ ਆਈ ਆਰ ਨੂੰ ਆਨਲਾਈਨ ਅਪਲੋਡ ਕਰਨ ਤੋਂ ਛੋਟ ਮੰਗਣ ਲਈ ਅਦਾਲਤ 'ਚ ਅਰਜ਼ੀ ਦਾਇਰ ਕੀਤੀ ਸੀ, ਜਿਸ ਨੂੰ ਅਦਾਲਤ ਨੇ ਪਰਵਾਨ ਕਰ ਲਿਆ ਸੀ। ਇਸ ਦੇ ਬਾਵਜੂਦ ਸੀ ਬੀ ਆਈ ਨੇ ਮੀਡੀਆ ਅਤੇ ਆਮ ਜਨਤਾ ਤੱਕ ਇਹ ਐੱਫ਼ ਆਈ ਆਰ ਪਹੁੰਚਾ ਦਿੱਤੀ, ਤਾਂ ਜੋ ਉਨ੍ਹਾਂ ਦਾ ਅਕਸ ਖ਼ਰਾਬ ਕੀਤਾ ਜਾ ਸਕੇ। ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਸੀ ਬੀ ਆਈ ਨੂੰ 12 ਅਕਤੂਬਰ ਨੂੰ ਜਵਾਬ ਦਾਖਲ ਕਰਨ ਲਈ ਨੋਟਿਸ ਜਾਰੀ ਕੀਤਾ ਹੈ। ਇਸੇ ਦੌਰਾਨ ਘੁੰਮਣ ਬੁੱਧਵਾਰ ਸੀ ਬੀ ਆਈ ਦੇ ਇੱਥੋਂ ਦੇ ਸੈਕਟਰ 30 ਵਿਚਲੇ ਦਫਤਰ 'ਚ ਪੇਸ਼ ਨਹੀਂ ਹੋਏ। ਅਧਿਕਾਰੀ ਮਿਥੇ ਸਮੇਂ ਤੋਂ ਬਾਅਦ ਤੱਕ ਵੀ ਘੁੰਮਣ ਦੀ ਉਡੀਕ ਕਰਦੇ ਰਹੇ। ਸੂਤਰਾਂ ਮੁਤਾਬਕ ਸੁਪਰੀਮ ਕੋਰਟ 'ਚ ਹੋਣ ਵਾਲੀ ਸੁਣਵਾਈ ਦੇ ਮੱਦੇਨਜ਼ਰ ਘੁੰਮਣ ਨੇ ਪੇਸ਼ ਹੋਣ ਤੋਂ ਫਿਲਹਾਲ ਕਿਨਾਰਾ ਕੀਤਾ ਹੈ, ਕਿਉਂਕਿ ਪੰਜਾਬ ਸਰਕਾਰ ਨੂੰ ਸੁਪਰੀਮ ਕੋਰਟ ਤੋਂ ਰਾਹਤ ਮਿਲਣ ਦੀ ਝਾਕ ਹੈ। ਮੁੱਖ ਮੰਤਰੀ ਦਫਤਰ ਦੇ ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਸੀ ਬੀ ਆਈ ਵੱਲੋਂ • ਬਾਕੀ ਸਫਾ 2 'ਤੇ

# ਭਵਾਨੀਗੜ੍ਹ ਦਾ ਐੱਸ ਐੱਚ ਓ ਮੁਅੱਤਲ

**ਪਟਿਆਲਾ (ਨ ਜ਼ ਸ)** : ਮੁੱਖ ਮੰਤਰੀ ਭਗਵੰਤ ਮਾਨ ਦੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਘਰਾਚੋਂ ਸਥਿਤ ਘਰ ਸੀ ਬੀ ਆਈ ਟੀਮ ਪੁੱਜਣ 'ਤੇ ਪਿੰਡ ਵਾਸੀਆਂ ਵੱਲੋਂ ਫੁੱਲਾਂ ਨਾਲ ਸਵਾਗਤ ਕਰਨ ਅਤੇ ਮਠਿਆਈ ਵੰਡਣ ਦੀ ਘਟਨਾ ਤੋਂ ਕੁਝ ਘੰਟਿਆਂ ਬਾਅਦ ਹੀ ਸੰਗਰੂਰ ਪੁਲਸ ਨੇ ਭਵਾਨੀਗੜ੍ਹ ਦੇ ਐੱਸ ਐੱਚ ਓ ਨੂੰ ਮੁਅੱਤਲ ਕਰ ਦਿੱਤਾ ਅਤੇ ਕੁੱਝ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਵਿਰੋਧੀ ਧਿਰਾਂ ਨਾਲ ਜੁੜੇ ਕੁਝ ਸਿਆਸੀ ਵਰਕਰਾਂ ਨੇ ਸੀ ਬੀ ਆਈ ਛਾਪੇ ਦਾ ਸਵਾਗਤ ਕੀਤਾ ਸੀ। ਪੁਲਸ ਨੇ ਸੀ ਬੀ ਆਈ ਦੀ ਗੱਡੀ 'ਤੇ ਫੁੱਲਾਂ ਦੀ ਵਰਖਾ ਕਰਨ ਵਾਲੇ ਦੋ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਇੱਕ ਸੀਨੀਅਰ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਡਿਊਟੀ ਵਿੱਚ ਅਣਗਹਿਲੀ ਵਰਤਣ ਦੇ ਦੋਸ਼ ਹੇਠ ਐੱਸ ਐੱਚ ਓ ਯਸ਼ਪਾਲ ਸ਼ਰਮਾ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।



## ਪਟਿਆਲਾ, ਧਰਮਕੋਟ ਤੇ ਬਾਘਾ ਪੁਰਾਣਾ ਦੇ 50 ਵਾਰਡਾਂ ਦੀ ਚੋਣ ਰੱਦ

**ਚੰਡੀਗੜ੍ਹ** : ਸੁਪਰੀਮ ਕੋਰਟ ਨੇ ਪਟਿਆਲਾ ਨਿਗਮ, ਨਗਰ ਕੌਂਸਲ ਧਰਮਕੋਟ ਅਤੇ ਬਾਘਾਪੁਰਾਣਾ ਦੇ 50 ਵਾਰਡਾਂ ਦੀ ਚੋਣ ਨੂੰ ਰੱਦ ਕਰ ਦਿੱਤਾ ਹੈ ਅਤੇ ਇਨ੍ਹਾਂ ਵਾਰਡਾਂ 'ਚ ਨਿਆਇਕ ਨਿਗਰਾਨੀ ਹੇਠ ਮੁੜ ਚੋਣਾਂ ਕਰਾਉਣ ਦੇ ਆਦੇਸ਼ ਜਾਰੀ ਕੀਤੇ ਹਨ। ਸਿਖਰਲੀ ਅਦਾਲਤ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਸਾਬਕਾ ਜੱਜ ਨਿਰਮਲਜੀਤ ਕੌਰ (ਸੇਵਾ ਮੁਕਤ) ਦੀ ਅਗਵਾਈ ਵਾਲੇ ਤੱਥ-ਖੋਜ ਕਮਿਸ਼ਨ ਦੀ ਰਿਪੋਰਟ ਨੂੰ ਪ੍ਰਵਾਨ ਕਰ ਲਿਆ ਹੈ। ਇਸ ਰਿਪੋਰਟ ਵਿਚਲੇ ਤੱਥਾਂ ਨੂੰ ਸਵੀਕਾਰ ਕਰਦਿਆਂ ਸੁਪਰੀਮ ਕੋਰਟ ਨੇ ਪੰਜਾਹ ਵਾਰਡਾਂ 'ਚ ਨਵੇਂ ਸਿਰਿਓਂ ਚੋਣਾਂ ਕਰਾਉਣ ਦੇ ਹੁਕਮ ਕੀਤੇ ਹਨ। ਸੁਪਰੀਮ ਕੋਰਟ ਨੇ ਪਟਿਆਲਾ ਦੇ 28 ਵਾਰਡ, ਨਗਰ ਕੌਂਸਲ ਧਰਮਕੋਟ ਦੇ 7 ਅਤੇ ਨਗਰ ਕੌਂਸਲ ਬਾਘਾਪੁਰਾਣਾ ਦੇ ਸਾਰੇ 15 ਵਾਰਡਾਂ ਦੀ ਚੋਣ ਨੂੰ ਰੱਦ ਕਰ ਦਿੱਤਾ ਹੈ। ਪਟਿਆਲਾ ਵਿੱਚ, ਵਾਰਡ ਨੰਬਰ 1, 4, 6, 12, 14, 16, 22, 26, 28, 32, 33, 34, 36, 37, 38, 40, 41, 43, 44, 45, 46, 48, 50, 51, 52, 53, 55 ਅਤੇ 57 ਵਿੱਚ ਤਾਜ਼ਾ ਚੋਣਾਂ ਕਰਵਾਈਆਂ ਜਾਣਗੀਆਂ। ਧਰਮਕੋਟ ਮਿਉਂਸਪਲ ਕੌਂਸਲ ਵਿੱਚ ਵਾਰਡ ਨੰਬਰ 1, 2, 3, 4, 7, 9 ਅਤੇ 13 ਵਿੱਚ ਤਾਜ਼ਾ ਚੋਣਾਂ ਕਰਵਾਈਆਂ ਜਾਣਗੀਆਂ ਜਦ ਕਿ ਬਾਘਾ ਪੁਰਾਣਾ ਮਿਉਂਸਪਲ ਕੌਂਸਲ ਵਿੱਚ ਸਾਰੇ 15 ਵਾਰਡਾਂ ਵਿੱਚ ਨਵੀਆਂ ਚੋਣਾਂ ਹੋਣਗੀਆਂ।

## ਰੂਸ ਦੇ ਹਵਾਈ ਹਮਲੇ 'ਚ 19 ਮੌਤਾਂ; 60 ਤੋਂ ਵੱਧ ਜ਼ਖ਼ਮੀ

**ਕੀਵ**- ਰੂਸ ਨੇ ਬੁੱਧਵਾਰ ਤੜਕੇ ਯੂਕਰੇਨ ਦੀ ਰਾਜਧਾਨੀ ਕੀਵ ਅਤੇ ਕਰੀਬ ਇੱਕ ਦਰਜਨ ਹੋਰ ਖੇਤਰਾਂ 'ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਵੱਡੇ ਪੱਧਰ 'ਤੇ ਹਮਲੇ ਕੀਤੇ, ਜਿਨ੍ਹਾਂ ਵਿੱਚ 4 ਬੱਚਿਆਂ ਸਮੇਤ ਘੱਟੋ-ਘੱਟ 19 ਲੋਕਾਂ ਦੀ ਮੌਤ ਹੋ ਗਈ ਅਤੇ 60 ਤੋਂ ਵੱਧ ਜ਼ਖ਼ਮੀ ਹੋ ਗਏ । ਹਾਲਾਂ ਕਿ ਯੂਕਰੇਨ ਨੂੰ ਹਮਲੇ ਦੀ ਜਾਣਕਾਰੀ ਸੀ ਪਰ ਉਹ ਇਸ ਨੂੰ ਪੂਰੀ ਤਰ੍ਹਾਂ ਰੋਕ ਨਹੀਂ ਸਕਿਆ। ਰਾਸ਼ਟਰਪਤੀ ਵੋਲਾਦੀਮੀਰ ਜ਼ੇਲੇਂਸਕੀ ਨੇ ਇੱਕ ਦਿਨ ਪਹਿਲਾਂ ਕਿਹਾ ਸੀ ਕਿ ਖੁਫੀਆ ਏਜੰਸੀਆਂ ਮੁਤਾਬਕ ਰੂਸ ਇੱਕ ਵੱਡੇ ਹਮਲੇ ਦੀ ਤਿਆਰੀ ਕਰ ਰਿਹਾ ਹੈ।



# ਪੁੜੈਣ ਵੱਲੋਂ ਖਿਮਾ ਜਾਚਨਾ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** : ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਸਵੰਤ ਸਿੰਘ ਪੁੜੈਣ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 15 ਜੂਨ ਨੂੰ 'ਗੁਰੂ ਦੋਖੀ ਤੇ ਖ਼ਾਲਸਾ ਪੰਥ ਵਿਰੋਧੀ' ਐਲਾਨੇ ਗਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲੇ, ਇਸ ਲਈ ਉਨ੍ਹਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ 10 ਦਿਨਾਂ ਦੇ ਅੰਦਰ ਨਿੱਜੀ ਰੂਪ ਵਿੱਚ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇਣ ਲਿਆ ਕਿਹਾ ਗਿਆ ਸੀ ਤੇ ਸ਼੍ਰੋਮਣੀ ਕਮੇਟੀ ਦੀਆਂ ਇਕੱਤਰਤਾਵਾਂ ਵਿੱਚ ਹਿੱਸਾ ਲੈਣ ਦੀ ਪਾਬੰਦੀ ਵੀ ਲਾ ਦਿੱਤੀ ਸੀ। ਬੁੱਧਵਾਰ ਪੁੜੈਣ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੇ ਅਤੇ ਆਪਣਾ ਸਪੱਸ਼ਟੀਕਰਨ ਤੇ ਖਿਮਾ ਜਾਚਨਾ ਜਥੇਦਾਰ ਗੜਗੱਜ ਨੂੰ ਸੌਂਪੀ। ਪੁੜੈਣ ਨੇ ਇਹ ਗੱਲ ਮੰਨੀ ਕਿ ਉਨ੍ਹਾ ਮੁੱਖ ਮੰਤਰੀ ਨੂੰ ਮਿਲ ਕੇ ਵੱਡੀ ਗਲਤੀ ਕੀਤੀ ਹੈ, ਜਿਸ ਦਾ ਉਨ੍ਹਾ ਨੂੰ ਅਹਿਸਾਸ ਹੈ।



## ਪੰਜਾਬ ਸਰਕਾਰ ਦੀ ਪਟੀਸ਼ਨ 'ਤੇ ਈ ਡੀ ਨੂੰ ਨੋਟਿਸ

**ਚੰਡੀਗੜ੍ਹ (ਨ ਜ਼ ਸ)** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬੁੱਧਵਾਰ ਪੰਜਾਬ ਸਰਕਾਰ ਅਤੇ ਗਮਾਡਾ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਮਗਰੋਂ ਈ ਡੀ ਨੂੰ ਨੋਟਿਸ ਜਾਰੀ ਕਰ ਦਿੱਤਾ। ਚੀਫ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੀ ਡਵੀਜ਼ਨ ਬੈਂਚ ਨੇ ਈ ਡੀ ਨੂੰ 15 ਦਿਨਾਂ 'ਚ ਜਵਾਬ ਦੇਣ ਲਈ ਕਿਹਾ ਹੈ। ਅਗਲੀ ਸੁਣਵਾਈ 28 ਅਕਤੂਬਰ ਨੂੰ ਹੋਵੇਗੀ। ਈ ਡੀ ਨੇ ਜਵਾਬ ਲਈ ਦੋ ਹਫਤਿਆਂ ਦਾ ਸਮਾਂ ਦੇਣ ਦੀ ਮੰਗ ਕੀਤੀ ਸੀ। ਪੰਜਾਬ ਸਰਕਾਰ ਨੇ ਗਮਾਡਾ ਦਫਤਰ ਦੀ ਈ ਡੀ ਵੱਲੋਂ 22 ਤੋਂ 24 ਸਤੰਬਰ ਤੱਕ ਕੀਤੀ ਤਲਾਸ਼ੀ ਤੇ ਸਰਵੇਖਣ ਨੂੰ ਚੁਣੌਤੀ ਦਿੱਤੀ ਹੈ। 22 ਤੋਂ 24 ਸਤੰਬਰ ਤੱਕ ਗਮਾਡਾ ਦਫਤਰ ਦੀ ਈ ਡੀ ਵੱਲੋਂ 50 ਘੰਟੇ • ਬਾਕੀ ਸਫਾ 2 'ਤੇ

# ਭਿੱਖੀਵਿੰਡ ਨੇੜੇ ਹਾਦਸੇ 'ਚ ਤਿੰਨ ਨਾਬਾਲਗਾਂ ਦੀ ਮੌਤ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)** : ਤਰਨ ਤਾਰਨ ਜ਼ਿਲ੍ਹੇ ਦੇ ਭਿੱਖੀਵਿੰਡ ਵਿੱਚ ਬੁੱਧਵਾਰ ਤੜਕਸਾਰ ਬੀ ਐੱਸ ਐੱਫ ਕੈਂਪ ਨੇੜੇ ਵਾਪਰੇ ਸੜਕ ਹਾਦਸੇ ਵਿੱਚ ਤਿੰਨ ਨਾਬਾਲਗਾਂ ਦੀ ਮੌਤ ਹੋ ਗਈ। ਕਰੀਬ ਦੋ ਵਜੇ ਐਕਟਿਵਾ ਅਤੇ ਮੋਟਰਸਾਈਕਲ ਦੀ ਟੱਕਰ 'ਚ ਮਰਨ ਵਾਲਿਆਂ ਦੀ ਉਮਰ 14 ਤੋਂ 16 ਸਾਲ ਦੇ ਕਰੀਬ ਸੀ। ਤਿੰਨਾਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਸੁਰਸਿੰਘ ਪੁਲਸ ਚੌਕੀ ਦੇ ਇੰਚਾਰਜ ਏ ਐੱਸ ਆਈ ਬਲਵੀਰ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਅਭੀਜੋਤ ਸਿੰਘ ਪੁੱਤਰ ਜੁਗਰਾਜ ਸਿੰਘ ਵਾਸੀ ਪਿੰਡ ਮਾੜੀਮੇਘਾ, ਹਰਮਨ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਵਾਸੀ ਚੇਲਾ ਕਲੋਨੀ ਭਿੱਖੀਵਿੰਡ ਅਤੇ ਰਵੀ ਸਿੰਘ ਪੁੱਤਰ ਸਾਹਿਬ ਸਿੰਘ ਵਾਸੀ ਪਿੰਡ ਕਲਸੀਆਂ ਕਲਾਂ ਵਜੋਂ ਹੋਈ ਹੈ। ਉਨ੍ਹਾ ਦੱਸਿਆ ਕਿ ਪਰਵਾਰਕ ਮੈਂਬਰਾਂ ਵੱਲੋਂ ਪੋਸਟਮਾਰਟਮ ਨਾ ਕਰਵਾਉਣ ਦੀ ਇੱਛਾ ਜ਼ਾਹਰ ਕਰਨ ਤੋਂ ਬਾਅਦ ਲਾਸ਼ਾਂ ਵਾਰਸਾਂ ਹਵਾਲੇ ਕਰ ਦਿੱਤੀਆਂ ਗਈਆਂ। ਤਿੰਨੇ ਨੌਜਵਾਨ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਚੱਲ ਰਹੇ ਸਾਲਾਨਾ ਜੋੜ ਮੇਲੇ ਵਿੱਚ ਜਾਣ ਲਈ ਘਰੋਂ ਨਿਕਲੇ ਸਨ। ਹਾਦਸੇ ਦੀ ਖ਼ਬਰ ਮਿਲਦਿਆਂ ਹੀ ਮਾੜੀਮੇਘਾ, ਚੇਲਾ ਕਾਲੋਨੀ ਭਿੱਖੀਵਿੰਡ ਅਤੇ ਕਲਸੀਆਂ ਕਲਾਂ ਵਿੱਚ ਸੋਗ ਦੀ ਲਹਿਰ ਫੈਲ ਗਈ। ਇਸ ਦੌਰਾਨ ਸਥਾਨਕ ਵਾਸੀ ਹਰਵਿੰਦਰ ਸਿੰਘ, ਬਲਵਿੰਦਰ ਸਿੰਘ, ਹਰਭਜਨ ਸਿੰਘ, ਹਰਬਿੰਦਰ ਸਿੰਘ ਅਤੇ ਪ੍ਰਿਤਪਾਲ ਸਿੰਘ ਨੇ ਪ੍ਰਸ਼ਾਸਨ ਤੋਂ ਭਿੱਖੀਵਿੰਡ ਤੋਂ ਬੀੜ ਬਾਬਾ ਬੁੱਢਾ ਸਾਹਿਬ ਤੱਕ ਐਮਰਜੈਂਸੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੋੜ ਮੇਲੇ ਦੌਰਾਨ ਇਸ ਮਾਰਗ 'ਤੇ ਸ਼ਰਧਾਲੂਆਂ ਅਤੇ ਵਾਹਨਾਂ ਦੀ ਆਵਾਜਾਈ ਕਾਫ਼ੀ ਵਧ ਜਾਂਦੀ ਹੈ। ਕਿਸੇ ਵੀ ਹਾਦਸੇ ਦੀ ਸੂਰਤ ਵਿੱਚ ਜ਼ਖ਼ਮੀਆਂ ਨੂੰ ਤੁਰੰਤ ਮੁੱਢਲੀ ਡਾਕਟਰੀ ਸਹਾਇਤਾ ਅਤੇ ਹਸਪਤਾਲ ਪਹੁੰਚਾਉਣ ਲਈ ਮਾਰਗ 'ਤੇ ਐਂਬੂਲੈਂਸਾਂ ਅਤੇ ਮੈਡੀਕਲ ਟੀਮਾਂ ਦੀ ਤਾਇਨਾਤੀ ਜ਼ਰੂਰੀ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੇਲੇ ਦੌਰਾਨ ਇਸ ਰਸਤੇ 'ਤੇ ਢੁਕਵੇਂ ਐਮਰਜੈਂਸੀ ਪ੍ਰਬੰਧ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।

# 'ਬਨੇਗਾ' ਤੇ ਸਿੱਖਿਆ ਪ੍ਰਾਪਤੀ ਲਈ 7 ਦਸੰਬਰ ਨੂੰ ਪਾਰਲੀਮੈਂਟ ਵੱਲ ਮਾਰਚ ਕਰਨ ਦਾ ਐਲਾਨ

### ਸਰਬ ਭਾਰਤ ਨੌਜਵਾਨ ਸਭਾ ਵੱਲੋਂ 10 ਨੂੰ ਜੰਤਰ ਮੰਤਰ ਦੇ ਧਰਨੇ 'ਚ ਸ਼ਾਮਲ ਹੋਣ ਦਾ ਸੱਦਾ

**ਮੁੰਬਈ (ਚਰਨਜੀਤ ਛਾਂਗਾਰਾਏ)** : ਸਰਬ ਭਾਰਤ ਨੌਜਵਾਨ ਸਭਾ ਦੀ ਕੌਮੀ ਕੌਂਸਲ ਵੱਲੋਂ 5 ਅਤੇ 6 ਅਕਤੂਬਰ ਨੂੰ ਇਥੇ ਸਥਾਨਕ ਭੂਪੇਸ਼ ਗੁਪਤਾ ਭਵਨ ਵਿਖੇ ਕੀਤੀ ਗਈ ਦੋ ਰੋਜ਼ਾ ਮੀਟਿੰਗ ਸਫਲਤਾਪੂਰਵਕ ਅਤੇ ਉਤਸ਼ਾਹਜਨਕ ਮਾਹੌਲ ਵਿੱਚ ਸੰਪੰਨ ਹੋਈ। ਮੀਟਿੰਗ ਵਿੱਚ ਦੇਸ਼ ਭਰ ਦੇ ਵੱਖ-ਵੱਖ ਰਾਜਾਂ ਵਿੱਚ ਸੂਬਾਈ ਆਗੂਆਂ ਅਤੇ ਚੁਣਿੰਦਾ ਕੌਮੀ ਕੌਂਸਲ ਮੈਂਬਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਕੌਮੀ ਪ੍ਰਧਾਨ ਰੋਸ਼ਨ ਕੁਮਾਰ ਸਿਨ੍ਹਾ ਨੇ ਕੀਤੀ। ਇਸ ਮੌਕੇ ਉਹਨਾ ਨਾਲ ਕੌਮੀ ਜਨਰਲ ਸਕੱਤਰ ਸੁਖਜਿੰਦਰ ਮਹੇਸਰੀ, ਸਈਅਦ ਵਲੀ ਉਲਾ ਕਾਦਰੀ, ਹਰੀਸ਼ ਬਾਲਾ ਅਤੇ ਭਾਰਤੀ ਆਦਿ ਲੀਡਰਸ਼ਿਪ ਸਟੇਜ 'ਤੇ ਹਾਜ਼ਰ ਸੀ। ਮੀਟਿੰਗ ਦਾ ਉਦਘਾਟਨ ਸੀ ਪੀ ਆਈ ਮਹਾਰਾਸ਼ਟਰ ਦੇ ਸੂਬਾ ਸਕੱਤਰ ਸੁਭਾਸ਼ ਲਾਂਡੇ ਅਤੇ ਸਵਾਗਤ ਮੁੰਬਈ ਦੇ ਸਕੱਤਰ ਮਿਲਿੰਦ ਮਾਧਵ ਰਾਂਡੇ ਨੇ ਕੀਤਾ।

ਇਸ ਮੌਕੇ ਕੌਮੀ ਜਨਰਲ ਸਕੱਤਰ ਸੁਖਜਿੰਦਰ ਮਹੇਸਰੀ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੀਆਂ ਜਥੇਬੰਦਕ ਸਰਗਰਮੀਆਂ ਦੀ ਰਿਪੋਰਟ ਵਿਸਥਾਰਪੂਰਵਕ ਪੇਸ਼ ਕੀਤੀ ਗਈ। ਉਪਰੰਤ ਵੱਖ-ਵੱਖ ਸਬ ਕਮੇਟੀਆਂ, ਜਿਸ ਵਿੱਚ ਸੋਸ਼ਲ ਮੀਡਿਆ ਕਮੇਟੀ, ਸਪੋਰਟਸ ਕਮੇਟੀ, ਸੱਭਿਆਚਾਰਕ ਕਮੇਟੀ, ਯੰਗ ਵੂਮੈਨ ਕਮੇਟੀ, ਅੰਤਰਰਾਸ਼ਟਰੀ ਮਾਮਲਿਆਂ ਬਾਰੇ ਕਮੇਟੀ, ਯੰਗ ਪੋਇਨੀਰ ਕਮੇਟੀ ਆਦਿ ਕਮੇਟੀਆਂ ਦੇ ਕਨਵੀਨਰਾਂ ਵੱਲੋਂ ਵੀ ਸਬ-ਕਮੇਟੀਆਂ ਦੀ ਕਾਰਗੁਜ਼ਾਰੀ ਸੰਬੰਧੀ ਰਿਪੋਰਟਾਂ ਪੇਸ਼ ਕੀਤੀਆਂ ਗਈਆਂ, • ਬਾਕੀ ਸਫਾ 2 'ਤੇ



## ਦੋ ਨੌਜਵਾਨਾਂ ਦੀ ਹੱਤਿਆ

**ਤਰਨ ਤਾਰਨ (ਨ ਜ਼ ਸ)** : ਮੰਗਲਵਾਰ ਦੇਰ ਰਾਤ ਪਲਵਿੰਦਰ ਸਿੰਘ ਪਿੰਦਾ (23) ਪੁੱਤਰ ਨਰਿੰਦਰ ਸਿੰਘ ਵਾਸੀ ਪਿੰਡ ਪੱਖੋਪੁਰ ਅਤੇ ਗੁਰਿੰਦਰ ਸਿੰਘ ਬਿੱਲਾ (26) ਪੁੱਤਰ ਕੁਲਵੰਤ ਸਿੰਘ ਵਾਸੀ ਖਾਰਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਸ ਅਨੁਸਾਰ ਮੁੱਢਲੀ ਜਾਂਚ ਤੋਂ ਜਾਪਦਾ ਹੈ ਕਿ ਕਿਸੇ ਹੋਰ ਥਾਂ 'ਤੇ ਮਾਰ ਕੇ ਲਾਸ਼ਾਂ ਚੋਹਲਾ ਸਾਹਿਬ ਨੇੜਲੇ ਪਿੰਡ ਪੱਖੋਪੁਰ ਵਿਖੇ ਸੁੱਟੀਆਂ ਗਈਆਂ। ਪੁਲਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਦੋਵੇਂ ਨੌਜਵਾਨ ਘਟਨਾ ਸਮੇਂ ਕਿੱਥੇ ਸਨ, ਉਨ੍ਹਾਂ ਦੇ ਨਾਲ ਕੌਣ-ਕੌਣ ਸੀ ਅਤੇ ਵਾਰਦਾਤ ਤੋਂ ਪਹਿਲਾਂ ਜਾਂ ਬਾਅਦ ਵਿੱਚ ਉਨ੍ਹਾਂ ਦੀ ਕਿਸੇ ਨਾਲ ਕੋਈ ਤਕਰਾਰ ਜਾਂ ਸੰਪਰਕ ਹੋਇਆ ਸੀ ਜਾਂ ਨਹੀਂ।

## ਰੈਪੋ ਰੇਟ 'ਚ ਵਾਧਾ, ਕਰਜ਼ ਲੈਣਾ ਹੋਰ ਮਹਿੰਗਾ ਹੋਵੇਗਾ

**ਮੁੰਬਈ** : ਮਹਿੰਗਾਈ ਵਿੱਚ ਹੋਰ ਵਾਧਾ ਹੋਣਾ ਤੈਅ ਹੈ। ਬੈਂਕਾਂ ਤੋਂ ਕਰਜ਼ਾ ਲੈਣਾ ਵੀ ਹੋਰ ਮਹਿੰਗਾ ਹੋਣ ਵਾਲਾ ਹੈ। ਇਹ ਭਾਰਤੀ ਰਿਜ਼ਰਵ ਬੈਂਕ ਬੈਂਕ (ਆਰ ਬੀ ਆਈ) ਦਾ ਬਿਆਨ ਹੈ, ਜਿਸ ਨੂੰ ਫਰਵਰੀ 2023 ਤੋਂ ਬਾਅਦ ਰੈਪੋ ਰੇਟ ਵਧਾਉਣ ਲਈ ਮਜਬੂਰ ਹੋਣਾ ਪਿਆ ਹੈ। ਬੁੱਧਵਾਰ ਰੈਪੋ ਰੇਟ 5.25 ਫੀਸਦੀ ਤੋਂ ਵਧਾ ਕੇ 5.50 ਫੀਸਦੀ ਕਰ ਦਿੱਤਾ ਗਿਆ ਹੈ।

ਰੈਪੋ ਰੇਟ ਉਹ ਵਿਆਜ ਦਰ ਹੈ, ਜਿਸ 'ਤੇ ਬੈਂਕ ਆਰ ਬੀ ਆਈ ਤੋਂ ਉਧਾਰ ਲੈਂਦੇ ਹਨ। ਉਹ ਬੈਂਕਾਂ ਨੂੰ ਵਧੇਰੇ ਮਹਿੰਗੇ ਕਰਜ਼ੇ ਦੇਵੇਗੀ, ਤਾਂ ਬੈਂਕ ਲੋਕਾਂ ਨੂੰ ਵਧੇਰੇ ਮਹਿੰਗੇ ਕਰਜ਼ੇ ਦੇਣਗੇ। ਇਸ ਨਾਲ ਲੋਕ ਘੱਟ ਉਧਾਰ ਲੈਣਗੇ ਅਤੇ ਘੱਟ ਖਰਚ ਕਰਨਗੇ। ਖਰਚ ਘਟਾਉਣ ਨਾਲ ਮੰਗ ਘਟ ਜਾਵੇਗੀ, ਜਿਸ ਨਾਲ ਮਹਿੰਗਾਈ ਕੰਟਰੋਲ ਵਿੱਚ ਰਹੇਗੀ।

ਆਰ ਬੀ ਆਈ ਨੇ ਆਪਣਾ ਮਹਿੰਗਾਈ ਅਨੁਮਾਨ ਵਧਾ ਦਿੱਤਾ ਹੈ। ਹੁਣ 2026-27 ਵਿੱਚ ਮਹਿੰਗਾਈ ਦਰ 5.2 ਫੀਸਦੀ ਰਹਿਣ ਦਾ ਅਨੁਮਾਨ ਹੈ, ਜੋ ਕਿ ਪਹਿਲਾਂ 5.0 ਫੀਸਦੀ ਸੀ। ਹਾਲਾਂਕਿ, ਆਰ ਬੀ ਆਈ ਨੇ 2026-27 ਲਈ ਜੀ ਡੀ ਪੀ ਵਿਕਾਸ ਅਨੁਮਾਨ ਨੂੰ 6.7 ਫੀਸਦੀ ਤੋਂ ਵਧਾ ਕੇ 7.1 ਫੀਸਦੀ ਕਰ ਦਿੱਤਾ ਹੈ। ਆਰ ਬੀ ਆਈ ਦੇ ਗਵਰਨਰ ਸੰਜੇ ਮਲਹੋਤਰਾ ਨੇ ਕਿਹਾ ਕਿ ਇਸ ਵੇਲੇ ਵਿਆਜ ਦਰਾਂ ਘਟਾਉਣ ਦਾ ਰਸਤਾ ਬੰਦ ਹੈ। ਰੈਲੀਗੇਅਰ ਬ੍ਰੋਕਿੰਗ ਦੇ ਅਜੀਤ • ਬਾਕੀ ਸਫਾ 2 'ਤੇ

## ਅੱਜ-ਨਾਮਾ

ਏਜੰਸੀ ਕੇਂਦਰ ਦੀ ਬਿੱਜ ਬਣ ਫੇਰ ਆਈ,
ਸੀ ਐੱਮ ਤਰਫ ਕੀਤੀ ਸਿੱਧੇ ਧਾਈ ਬੇਲੀ।
ਉਸ ਦਾ ਫੋਲਿਆ ਆਣ ਕੇ ਕੈਂਪ ਆਫਿਸ,
ਹਰ ਇੱਕ ਖੂੰਜੇ ਦੀ ਨਜ਼ਰ ਦੌੜਾਈ ਬੇਲੀ।
ਵਿਰੋਧੀ ਖੁਸ਼, ਸਰਕਾਰ ਹੈ ਖਿਝੀ ਸੁਣਦੀ,
ਜੀਹਦੀ ਇੱਜ਼ਤ ਆ ਗਈ ਉਡਾਈ ਬੇਲੀ।
ਕਿਹਾ ਹੈ ਰਾਜ ਸਰਕਾਰ ਦੇ ਕਰਤਿਆਂ ਵੀ,
ਭਾਜੀ ਕੁਵੇਲੇ ਜਿਹੀ ਭਾਜਪਾ ਪਾਈ ਬੇਲੀ।
ਹਰ ਕੋਈ ਜਾਣਦਾ ਚੋਣਾਂ ਦਾ ਵਕਤ ਥੋੜ੍ਹਾ,
ਏਜੰਡਾ ਚੋਣਾਂ ਦਾ ਛਾਪਾ ਇਹ ਹੋਊ ਬੇਲੀ।
ਉੱਡਦੀ ਪਹਿਲਾਂ ਹੀ ਖੇਹ ਨਾ ਘੱਟ ਹੈ ਸੀ,
ਨਿਚੋੜ ਚਿੱਕੜ ਦਾ ਥਾਂਉਂ ਥਾਂ ਚੋਊ ਬੇਲੀ।

-ਤੀਸ ਮਾਰ ਖਾਂ

# ਭਾਰਤੀ ਸੱਤਾਧਾਰੀਆਂ ਅੰਦਰ ਫਾਸ਼ੀਵਾਦ ਦੇ ਸਾਰੇ ਲੱਛਣ ਮੌਜੂਦ : ਐਨੀ ਰਾਜਾ

### • ਵੋਟਾਂ ਖਾਤਰ ਭਾਜਪਾ ਵੱਲੋਂ ਫ਼ਿਰਕੂ ਜ਼ਹਿਰ ਫੈਲਾਇਆ ਜਾ ਰਿਹੈ : ਵੀ ਐੱਸ ਨਿਰਮਲ • ਅੰਦੋਲਨ ਹੀ ਸੁਖਾਵੇਂ ਰਾਹ ਖੋਲ੍ਹਦੇ : ਗੋਰੀਆ

ਨਵੀਂ ਦਿੱਲੀ (ਗਿਆਨ ਸੈਦਪੁਰੀ) 'ਇਸ ਮੁਲਕ ਅੰਦਰ ਰਾਤ ਨੂੰ ਕੋਈ ਭੁੱਖਾ ਨਾ ਸੌਂਵੇਂ, ਇਹ ਸਾਡੀ ਵਿਚਾਰਧਾਰਾ ਦਾ ਮੁੱਖ ਪਹਿਲੂ ਹੈ। ਜਦੋਂ ਭੁੱਖ ਤੋਂ ਛੁਟਕਾਰਾ ਮਿਲ ਜਾਵੇਗਾ ਤੇ ਜਾਤੀ ਪ੍ਰਥਾ ਵੀ ਖਤਮ ਹੋ ਜਾਵੇਗੀ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਸਕੱਤਰ ਐਨੀ ਰਾਜਾ ਨੇ ਕੀਤਾ। ਉਹ ਸੈਂਟਰ ਫਾਰ ਦਲਿਤ ਰਾਈਟ ਮੂਵਮੈਂਟ ਦੀ ਜਨਰਲ ਬਾਡੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਸੀ ਪੀ ਆਈ ਦੇ ਕੇਂਦਰੀ ਮੁੱਖ ਦਫਤਰ ਅਜੈ ਭਵਨ ਦੇ ਕਾਮਰੇਡ ਘਾਟੇ ਮੈਮੋਰੀਅਲ ਹਾਲ ਵਿੱਚ ਦੋ ਦਿਨਾ ਮੀਟਿੰਗ ਦੇ ਪਹਿਲੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਉਹਨਾ ਕਿਹਾ ਕਿ ਦਲਿਤ ਸਮਾਜ ਆਰਥਿਕ ਤੇ ਸਮਾਜਿਕ ਅਨਿਆਏ ਦਾ ਪੂਰੀ ਤਰ੍ਹਾਂ ਸ਼ਿਕਾਰ ਹੈ। ਇਹਨਾਂ ਪ੍ਰਸਥਿਤੀਆਂ 'ਚੋਂ ਇਸ ਸਮਾਜ ਨੂੰ ਕੱਢਣ ਲਈ ਦਲਿਤ ਰਾਈਟਸ ਮੂਵਮੈਂਟ ਦੇ ਅੰਦੋਲਨ ਦਾ ਦੇਸ਼ ਪੱਧਰੀ ਵਿਸਥਾਰ ਕਰਨਾ ਸਮੇਂ ਦੀ ਅਣਸਰਦੀ ਲੋੜ ਹੈ। ਮੁਲਕ ਵਿੱਚ ਲੱਖਾਂ ਦੀ ਗਿਣਤੀ ਵਿੱਚ ਪ੍ਰਾਇਮਰੀ ਸਕੂਲ ਬੰਦ ਕੀਤੇ ਜਾ ਰਹੇ ਹਨ। ਇਸ ਵਰਤਾਰੇ ਨਾਲ ਦਲਿਤ ਬੱਚੇ ਵਿੱਦਿਆ ਤੋਂ ਵਾਂਝੇ ਰਹਿ ਰਹੇ ਹਨ। ਇਹਨਾਂ ਸਕੂਲਾਂ ਵਿੱਚ ਗਰੀਬ ਵਰਗ ਜਾਂ ਦਲਿਤਾਂ ਦੇ ਬੱਚੇ ਹੀ ਪੜ੍ਹਨ ਜਾਂਦੇ ਹਨ। ਸਰਕਾਰੀ ਸਕੂਲਾਂ ਦੇ ਨਾਲ-ਨਾਲ ਸਰਕਾਰੀ ਹਸਪਤਾਲ ਵੀ ਬੰਦ ਕੀਤੇ ਜਾ ਰਹੇ ਹਨ। ਐਨੀ ਰਾਜਾ ਨੇ ਕਿਹਾ ਕਿ ਇਸ ਹਾਲਾਤ ਨੂੰ ਬਦਲਣ ਲਈ ਦਲਿਤ ਸੰਗਠਨਾ ਨੂੰ ਕਿਸੇ ਕਾਕਰੋਚ ਜਨਤਾ ਪਾਰਟੀ ਦੀ ਉਡੀਕ ਨਹੀਂ ਕਰਨੀ, ਸਗੋਂ ਸੰਘਰਸ਼ਾਂ ਰਾਹੀਂ ਇਹ ਸਭ ਕੁਝ ਦਲਿਤਾਂ ਨੇ ਖੁਦ ਕਰਨਾ ਹੈ। ਉਨ੍ਹਾ ਕਿਹਾ ਕਿ ਕਾਸਟ ਸਿਸਟਮ ਨੂੰ ਸਮਝ ਕੇ ਕਲਾਸ ਸਟਰਗਲ ਹੋਰ ਮਜ਼ਬੂਤ ਹੋਵੇਗਾ। ਇਸ ਸੰਦਰਭ ਵਿੱਚ 'ਦਲਿਤ ਰਾਈਟਸ ਮੂਵਮੈਂਟ' ਨੂੰ ਤਾਕਤਵਰ ਬਣਾਉਣਾ ਹੈ। ਉਹਨਾ ਕਿਹਾ ਕਿ ਬੇਸ਼ੱਕ ਅੱਤਿਆਚਾਰ ਰੋਕੂ ਐਕਟ ਬਣਿਆ ਹੋਇਆ ਹੈ, ਪਰ ਅੱਤਿਆਚਾਰਾਂ ਵਿੱਚ ਦਿਨੋ-ਦਿਨ ਵਾਧਾ ਹੋ ਰਿਹਾ ਹੈ। ਭਾਰਤ ਦੀ ਐੱਨ ਡੀ ਏ ਸਰਕਾਰ ਦੀ ਗੱਲ ਕਰਦਿਆਂ ਐਨੀ ਰਾਜਾ ਨੇ ਕਿਹਾ ਕਿ ਜੋ ਇੱਕ ਫਾਸ਼ੀਵਾਦ ਸਟੇਟ ਦਾ ਚਰਿੱਤਰ ਹੁੰਦਾ ਹੈ, ਉਸ ਦੇ ਸਾਰੇ ਲੱਛਣ ਇਸ ਵਿੱਚ ਵਿਦਮਾਨ ਹਨ। ਇਹ ਸਰਕਾਰ ਹਿੰਦੂਤਵੀ ਰਾਸ਼ਟਰ ਬਣਾਉਣ ਲਈ ਹਰ ਹੀਲਾ ਵਰਤ ਰਹੀ ਹੈ। ਇਸੇ ਸਿਲਸਿਲੇ ਤਹਿਤ ਇਹ ਸਰਕਾਰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬਣਾਏ ਸੰਵਿਧਾਨ ਨੂੰ ਨਸ਼ਟ ਕਰ ਦੇਣਾ ਚਾਹੁੰਦੀ ਹੈ। ਮੌਜੂਦਾ ਹਾਕਮ ਕਮਿਊਨਿਜ਼ਮ ਅਤੇ ਸਮਾਜਵਾਦ ਦੇ ਸਭ ਤੋਂ ਵੱਡੇ ਵਿਰੋਧੀ ਹਨ। ਉਹਨਾ ਆਪਣੀ ਤਕਰੀਰ ਦੀ ਸਮਾਪਤੀ 'ਜੈ ਭੀਮ ਲਾਲ ਸਲਾਮ' ਦੇ ਨਾਅਰੇ ਨਾਲ ਕੀਤੀ। ਮੀਟਿੰਗ ਦੇ ਆਗਾਜ਼ ਸਮੇਂ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੇ ਸ਼ੋਕ ਮਤਾ ਪੇਸ਼ ਕੀਤਾ। ਇਸ ਵਿੱਚ 'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ, ਐਨੀ ਰਾਜਾ ਦੀ ਭਤੀਜੀ • ਬਾਕੀ ਸਫਾ 2 'ਤੇ



ਨਵਾਂ ਜ਼ਮਾਨਾ
ਵੀਰਵਾਰ, 8 ਅਕਤੂਬਰ 2026

# ਇੱਕ ਹੋਰ ਚੋਣ ਘਪਲਾ

ਵੋਟਰ ਸੂਚੀਆਂ ਦੀ ਡੂੰਘੀ ਸੁਧਾਈ (ਐੱਸ ਆਈ ਆਰ) ਵਿੱਚ ਘਪਲਿਆਂ ਨੂੰ ਲੈ ਕੇ ਬੁਰੀ ਤਰ੍ਹਾਂ ਘਿਰੇ ਹੋਏ ਚੋਣ ਕਮਿਸ਼ਨ ਬਾਰੇ ਖੋਜੀ ਪੱਤਰਕਾਰਾਂ ਦੀ ਜਥੇਬੰਦੀ 'ਰਿਪੋਰਟਰਜ਼ ਕਲੈਕਟਿਵ' ਨੇ ਇੱਕ ਹੋਰ ਸਨਸਨੀਖੇਜ਼ ਖੁਲਾਸਾ ਕੀਤਾ ਹੈ। ਆਯੂਸ਼ੀ ਕਰ ਅਤੇ ਸੁਮੇਧਾ ਮਿੱਤਲ ਵੱਲੋਂ ਕੀਤੀ ਗਈ ਜਾਂਚ ਮੁਤਾਬਕ ਯੂ ਪੀ ਦੀ ਅੰਤਿਮ ਵੋਟਰ ਸੂਚੀ ਵਿੱਚ ਸ਼ਾਮਲ 16.18 ਲੱਖ ਵੋਟਰਾਂ ਨਾਲ ਸੰਬੰਧਤ ਮਹੱਤਵਪੂਰਨ ਜਾਣਕਾਰੀ ਜਨਤਕ ਨਹੀਂ ਕੀਤੀ ਗਈ। ਡਰਾਫਟ ਸੂਚੀ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਐੱਸ ਆਈ ਆਰ ਦੇ ਸ਼ੁਰੂਆਤੀ ਪੜਾਅ ਵਿੱਚ 16.18 ਲੱਖ ਵੋਟਰਾਂ ਨੇ ਵੋਟਰ ਸੂਚੀ ਵਿੱਚ ਆਪਣੇ ਨਾਂਅ ਸ਼ਾਮਲ ਕਰਨ ਲਈ ਅਰਜ਼ੀ ਦਿੱਤੀ ਸੀ। ਨਾਂਅ ਸ਼ਾਮਲ ਕਰਨ ਲਈ ਫਾਰਮ 6 ਤਹਿਤ ਲੱਗਭੱਗ 88 ਲੱਖ ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿੱਚੋਂ 71.38 ਲੱਖ ਨੂੰ ਯੂ ਪੀ ਸੀ ਈ ਓ (ਮੁੱਖ ਚੋਣ ਅਧਿਕਾਰੀ) ਦੀ ਵੈੱਬਸਾਈਟ 'ਤੇ ਜਨਤਕ ਕੀਤਾ ਗਿਆ ਹੈ। ਹਾਲਾਂਕਿ ਅੰਤਿਮ ਵੋਟਰ ਸੂਚੀ ਵਿੱਚ 84.3 ਲੱਖ ਨਵੇਂ ਵੋਟਰ ਸ਼ਾਮਲ ਕੀਤੇ ਗਏ ਹਨ। ਇਸ ਦਾ ਮਤਲਬ ਹੈ ਕਿ ਇਨ੍ਹਾਂ ਅੰਕੜਿਆਂ ਵਿੱਚ ਵੀ ਲੱਗਭੱਗ 12.92 ਲੱਖ ਦਾ ਅੰਤਰ ਹੈ।

ਸੀ ਈ ਓ ਦੀ ਵੈੱਬਸਾਈਟ 'ਤੇ ਜਨਤਕ ਕੀਤੀਆਂ 71.38 ਲੱਖ ਫਾਰਮ 6 ਅਰਜ਼ੀਆਂ ਵਿੱਚੋਂ ਵੱਡੀ ਗਿਣਤੀ 'ਚ ਉਨ੍ਹਾਂ ਲੋਕਾਂ ਦੀਆਂ ਸਨ, ਜਿਨ੍ਹਾਂ ਦੇ ਨਾਂਅ ਡਰਾਫਟ ਐੱਸ ਆਈ ਆਰ ਵੋਟਰ ਸੂਚੀ ਵਿੱਚੋਂ ਹਟਾ ਦਿੱਤੇ ਗਏ ਸਨ ਅਤੇ ਜਿਨ੍ਹਾਂ ਦੁਬਾਰਾ ਵੋਟਰ ਸੂਚੀ ਵਿੱਚ ਸ਼ਾਮਲ ਹੋਣ ਲਈ ਅਰਜ਼ੀਆਂ ਦਿੱਤੀਆਂ। ਸਵਾਲ ਇਹ ਹੈ ਕਿ ਜੇ ਵੋਟਰ ਸੂਚੀ ਵਿੱਚ ਨਾਂਅ ਜੋੜਨ ਲਈ ਫਾਰਮ 6 ਦੀ ਅਰਜ਼ੀ ਦੀ ਲੋੜ ਹੁੰਦੀ ਹੈ ਤਾਂ ਜਨਤਕ ਕੀਤੀਆਂ ਗਈਆਂ ਅਰਜ਼ੀਆਂ ਦੀ ਗਿਣਤੀ ਨਾਲੋਂ ਅੰਤਿਮ ਸੂਚੀ ਵਿੱਚ ਹੋਰ ਨਾਂਅ ਕਿਵੇਂ ਸ਼ਾਮਲ ਹੋਏ? ਇੱਥੇ ਡਰਾਫਟ ਐੱਸ ਆਈ ਆਰ ਸੂਚੀ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਦਾਇਰ ਕੀਤੀਆਂ ਗਈਆਂ 16.18 ਲੱਖ ਅਰਜ਼ੀਆਂ ਦਾ ਮੁੱਦਾ ਸਾਹਮਣੇ ਆਉਂਦਾ ਹੈ।

7 ਮਾਰਚ ਨੂੰ ਜਾਰੀ ਇੱਕ ਪ੍ਰੈੱਸ ਰਿਲੀਜ਼ ਵਿੱਚ ਚੋਣ ਕਮਿਸ਼ਨ ਨੇ ਕਿਹਾ ਕਿ ਡਰਾਫਟ ਸੂਚੀ ਤਿਆਰ ਹੋਣ ਤੋਂ ਪਹਿਲਾਂ ਹੀ 16.18 ਲੱਖ ਲੋਕਾਂ ਨੇ ਫਾਰਮ 6 ਰਾਹੀਂ ਵੋਟਰ ਸੂਚੀ ਵਿੱਚ ਸ਼ਾਮਲ ਹੋਣ ਲਈ ਅਰਜ਼ੀ ਦਿੱਤੀ ਸੀ ਤਾਂ ਡਰਾਫਟ ਸੂਚੀ ਜਾਰੀ ਹੋਣ ਤੋਂ ਪਹਿਲਾਂ ਅਰਜ਼ੀ ਦੇਣ ਵਾਲਿਆਂ ਵਿੱਚੋਂ ਬਹੁਗਿਣਤੀ ਕੌਣ ਹੋ ਸਕਦੇ ਹਨ?

ਜ਼ਾਹਰ ਹੈ ਕਿ ਉਸ ਸਮੇਂ ਮੁੱਖ ਬਿਨੈਕਾਰ ਉਹ ਸਨ, ਜੋ ਵੋਟ ਪਾਉਣ ਦੀ ਉਮਰ ਤੱਕ ਪਹੁੰਚ ਗਏ ਸਨ ਅਤੇ ਪਹਿਲੀ ਵਾਰ ਵੋਟਰ ਸੂਚੀ ਵਿੱਚ ਸ਼ਾਮਲ ਹੋਣਾ ਚਾਹੁੰਦੇ ਸਨ। ਹਾਲਾਂਕਿ ਕਿਉਂਕਿ ਇਨ੍ਹਾਂ 16.18 ਲੱਖ ਅਰਜ਼ੀਆਂ 'ਤੇ ਹਲਕੇ ਅਤੇ ਬੂਥ-ਪੱਧਰ ਦੀ ਜਾਣਕਾਰੀ ਜਨਤਕ ਤੌਰ 'ਤੇ ਉਪਲੱਬਧ ਨਹੀਂ ਹੈ, ਇਸ ਲਈ ਇਨ੍ਹਾਂ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਕਰਨਾ ਅਸੰਭਵ ਹੈ।

ਇਸ ਪੂਰੇ ਮੁੱਦੇ ਨੂੰ ਸਮਝਣ ਦਾ ਇੱਕ ਤਰੀਕਾ ਇਹ ਮੰਨ ਕੇ ਚੱਲਣਾ ਹੈ ਕਿ ਜਨਤਕ ਕੀਤੀਆਂ ਗਈਆਂ 71.38 ਲੱਖ ਫਾਰਮ 6 ਅਰਜ਼ੀਆਂ ਤੋਂ ਇਲਾਵਾ, 16.18 ਲੱਖ ਸ਼ੁਰੂਆਤੀ ਅਰਜ਼ੀਆਂ ਵੀ ਹਨ। ਇਸ ਨਾਲ ਕੁੱਲ ਗਿਣਤੀ ਲੱਗਭੱਗ 87.56 ਲੱਖ ਹੋ ਜਾਂਦੀ ਹੈ। ਹਾਲਾਂਕਿ, ਸਮੱਸਿਆ ਇਹ ਹੈ ਕਿ ਇਨ੍ਹਾਂ 16.18 ਲੱਖ ਅਰਜ਼ੀਆਂ ਦੇ ਵੇਰਵੇ ਜਨਤਕ ਨਹੀਂ ਹਨ। ਇਸ ਲਈ, ਜਦੋਂ ਕਿ ਡੈਟਾ ਕੁਝ ਹੱਦ ਤੱਕ ਸਹੀ ਹੋ ਸਕਦਾ ਹੈ, ਪਾਰਦਰਸ਼ਤਾ ਦਾ ਸਵਾਲ ਬਰਕਰਾਰ ਹੈ : ਇਹ 16.18 ਲੱਖ ਲੋਕ ਕੌਣ ਹਨ ਅਤੇ ਉਨ੍ਹਾਂ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨ ਲਈ ਕਿਹੜੀ ਪ੍ਰਕਿਰਿਆ ਵਰਤੀ ਗਈ ਸੀ?

ਯੂ ਪੀ ਰਾਜ ਚੋਣ ਕਮਿਸ਼ਨ ਨੇ ਐੱਸ ਆਈ ਆਰ ਪ੍ਰਕਿਰਿਆ ਅਕਤੂਬਰ 2025 ਵਿੱਚ ਸ਼ੁਰੂਆਤ ਕੀਤੀ ਸੀ। ਉਸ ਸਮੇਂ ਰਾਜ ਵਿੱਚ ਲੱਗਭੱਗ 15.44 ਕਰੋੜ ਰਜਿਸਟਰਡ ਵੋਟਰ ਸਨ। ਡਰਾਫਟ ਵੋਟਰ ਸੂਚੀ 6 ਜਨਵਰੀ, 2026 ਨੂੰ ਪ੍ਰਕਾਸ਼ਤ ਕੀਤੀ ਗਈ ਸੀ, ਜਿਸ ਵਿੱਚ ਲੱਗਭੱਗ 2.89 ਕਰੋੜ (18.7 ਪ੍ਰਤੀਸ਼ਤ) ਲੋਕਾਂ ਦੇ ਨਾਂਅ ਸੂਚੀ ਵਿੱਚੋਂ ਹਟਾ ਦਿੱਤੇ ਗਏ ਸਨ। ਇੱਥੇ ਡਰਾਫਟ ਸੂਚੀ ਜਾਰੀ ਹੋਣ ਸਮੇਂ ਭਾਜਪਾ ਦੇ ਸੀਨੀਅਰ ਆਗੂਆਂ ਦੀ ਇੱਕ ਉੱਚ ਪੱਧਰੀ ਮੀਟਿੰਗ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ। ਮੀਟਿੰਗ ਵਿੱਚ ਬੂਥ-ਪੱਧਰੀ ਵਰਕਰਾਂ ਨੂੰ ਅੰਤਿਮ ਵੋਟਰ ਸੂਚੀ ਵਿੱਚ ਪ੍ਰਤੀ ਬੂਥ ਘੱਟੋ-ਘੱਟ 200 ਵੋਟਰਾਂ ਨੂੰ ਜੋੜਨ ਦੀ ਕੋਸ਼ਿਸ਼ ਕਰਨ ਲਈ ਕਿਹਾ ਗਿਆ ਸੀ।

ਰਿਪੋਰਟ ਵਿੱਚ ਚੋਣ ਕਮਿਸ਼ਨ ਦੇ ਇੱਕ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਵੱਖ-ਵੱਖ ਰਾਜਾਂ ਵਿੱਚ ਫਾਰਮ 6 ਅਰਜ਼ੀਆਂ ਲਈ ਪ੍ਰਵਾਨਗੀ ਦਰ ਆਮ ਤੌਰ 'ਤੇ ਲੱਗਭੱਗ 60 ਤੋਂ 70 ਪ੍ਰਤੀਸ਼ਤ ਰਹੀ ਹੈ। ਇਸ ਦਾ ਇੱਕ ਕਾਰਨ ਇਹ ਹੈ ਕਿ ਸਿਆਸੀ ਕਾਰਕੁਨ ਕਈ ਵਾਰ ਵੋਟਰ ਸੂਚੀ ਵਿੱਚ ਨਾਂਅ ਜੋੜਨ ਲਈ ਅਰਜ਼ੀ ਦਿੰਦੇ ਹਨ ਅਤੇ ਕੁਝ ਵਿੱਚ ਸ਼ੱਕੀ ਜਾਂ ਗੈਰ-ਮੌਜੂਦ ਵੋਟਰਾਂ ਦੇ ਨਾਂਅ ਸ਼ਾਮਲ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਲਈ ਹਰੇਕ ਅਰਜ਼ੀ ਦੀ ਤਸਦੀਕ ਜ਼ਰੂਰੀ ਹੈ। ਇਹ ਬਹੁਤ ਲੰਮੀ ਪ੍ਰਕਿਰਿਆ ਹੁੰਦੀ ਹੈ, ਜਿਹੜੀ ਬੀ ਐੱਲ ਓ ਤੋਂ ਸ਼ੁਰੂ ਹੋ ਕੇ ਉਤਲੇ ਅਧਿਕਾਰੀਆਂ ਤੱਕ ਪੁੱਜਦੀ ਹੈ। ਯੂ ਪੀ ਵਿੱਚ ਫਾਰਮ 6 ਅਰਜ਼ੀਆਂ ਲਈ ਪ੍ਰਵਾਨਗੀ ਦਰ ਲੱਗਭੱਗ 96.27 ਪ੍ਰਤੀਸ਼ਤ ਹੈ। ਇਹ ਅੰਕੜਾ ਇਸ ਪੂਰੇ ਮਾਮਲੇ ਨੂੰ ਹੋਰ ਵੀ ਅਸਾਧਾਰਨ ਬਣਾਉਂਦਾ ਹੈ। ਚੋਣ ਅਧਿਕਾਰੀ ਇਸ ਬਾਰੇ ਕੁਝ ਦੱਸਣ ਲਈ ਤਿਆਰ ਨਹੀਂ।

# ਭਾਰਤ-ਚੀਨ ਵਪਾਰ ਸਵਾਗਤਯੋਗ ਘਟਨਾਕ੍ਰਮ

ਮੂਲ : ਕੇ ਜੇ
ਅਨੁਵਾਦ : ਪਿਰਥੀਪਾਲ ਸਿੰਘ ਮਾੜੀਮੇਘਾ

ਭਾਰਤ ਅਤੇ ਚੀਨ ਦੇ ਵਿਚਕਾਰ ਵਿਉਪਾਰ ਜਾਂ ਆਰਥਿਕ ਲੈਣ-ਦੇਣ ਵਿੱਚ ਵਾਧਾ ਵਰਤਮਾਨ ਹਾਲਤਾਂ ਵਿੱਚ ਸਵਾਗਤਯੋਗ ਸਿਲਸਿਲਾ ਹੈ। ਖਾਸ ਤੌਰ 'ਤੇ ਅਮਰੀਕੀ ਸਾਮਰਾਜ ਵੱਲੋਂ ਈਰਾਨ ਦੇ ਵਿਰੁੱਧ ਹਮਲੇ, ਹੋਰ ਦੇਸ਼ਾਂ ਨੂੰ ਧਮਕਾਉਣ ਵਾਲੀਆਂ ਨੀਤੀਆਂ ਦੇ ਨਤੀਜੇ ਅਤੇ ਗਹਿਰੇ ਹੋਏ ਹੋਰਮੁਜ਼ ਸੰਕਟ ਦੇ ਹਵਾਲੇ ਵਿੱਚ। ਅਮਰੀਕਾ ਨੇ ਕਥਿਤ ਵੱਡੇ ਟੈਰਿਫ ਯੁੱਧਾਂ ਦੇ ਤਹਿਤ ਆਪਣੇ ਆਰਥਿਕ ਸੰਕਟ ਦਾ ਬੋਝ ਦੂਸਰਿਆਂ ਦੇਸ਼ਾਂ 'ਤੇ ਪਾਉਣ ਦੇ ਉਦੇਸ਼ ਨਾਲ ਵਿਸ਼ੇਸ਼ ਕਰਕੇ ਕਮਜ਼ੋਰ ਦੇਸ਼ਾਂ ਦੇ ਵਿਰੁੱਧ ਟੈਰਿਫ ਨੂੰ ਇੱਕ ਹਥਿਆਰ ਦੇ ਰੂਪ ਵਿੱਚ ਉਪਯੋਗ ਕਰਦਿਆਂ ਹੋਇਆਂ ਉਨ੍ਹਾਂ ਉੱਤੇ ਦਬਾਅ ਪਾਉਣਾ ਸ਼ੁਰੂ ਕੀਤਾ ਹੋਇਆ ਹੈ।

ਪਰੰਤੂ ਫਿਰ ਵੀ ਅਮਰੀਕਾ ਆਪਣੇ ਅੰਦਰੂਨੀ ਬਾਜ਼ਾਰ ਅਤੇ ਉਤਪਾਦਨ ਦੀ ਰੱਖਿਆ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਿਹਾ, ਕਿਉਂਕਿ ਅੱਗੋਂ ਦੇਸ਼ਾਂ ਨੇ ਨਿਡਰ ਹੋ ਕੇ ਝੁਕਣ ਤੋਂ ਇਨਕਾਰ ਕਰ ਦਿੱਤਾ।ਇਸ ਲਈ ਅਮਰੀਕਾ ਨੇ ਰਵਾਇਤੀ ਬਸਤੀਵਾਦੀ-ਸਾਮਰਾਜਵਾਦੀ ਤਰੀਕਾ, ਬਿਨਾਂ ਕਿਸੇ ਰੋਕ-ਟੋਕ ਖ਼ਤਰਨਾਕ ਹਥਿਆਰਾਂ ਨਾਲ ਹਮਲਿਆਂ ਦਾ ਸਹਾਰਾ ਲਿਆ, ਜਿਸ ਦੀ ਨਵੀਂ ਉਦਾਹਰਣ ਹੋਰਮੁਜ਼ ਨੂੰ ਘੇਰਨ ਦੀ ਕੋਸ਼ਿਸ਼ ਹੈ, ਜਦੋਂ ਕਿ ਇਸ ਕਾਰਵਾਈ ਨਾਲ ਉਸ ਦੇ ਆਪਣੇ ਹਿਤਾਂ ਨੂੰ ਵੀ ਨੁਕਸਾਨ ਪਹੁੰਚ ਰਿਹਾ ਹੈ।

ਅਮਰੀਕਾ ਨੂੰ ਆਸ ਸੀ ਕਿ ਉਹ ਕੁਝ ਹੀ ਦਿਨਾਂ ਵਿੱਚ ਈਰਾਨ ਨੂੰ ਤਬਾਹ ਕਰ ਦੇਵੇਗਾ, ਪਰੰਤੂ ਹੋਇਆ ਇਸ ਦੇ ਉਲਟ। ਵੀਅਤਨਾਮ ਯੁੱਧ ਦੇ ਬਾਅਦ ਸ਼ਾਇਦ ਕੋਈ ਦੇਸ਼ ਹੀ ਅਮਰੀਕਾ ਵਿਰੁੱਧ ਏਨੇ ਹੌਂਸਲੇ ਨਾਲ ਖੜ੍ਹਾ ਹੋਇਆ ਹੋਵੇ। ਈਰਾਨ ਅਮਰੀਕਾ ਨੂੰ ਲਗਾਤਾਰ ਕਰਾਰਾ ਜਵਾਬ ਦਿੰਦਿਆਂ ਹੋਇਆਂ ਉਸ ਦੀਆਂ ਯੋਜਨਾਵਾਂ ਨੂੰ ਅਸਫਲ ਕਰਦਾ ਰਿਹਾ ਅਤੇ ਕਰ ਰਿਹੈ ਹੈ। ਅਮਰੀਕਾ ਘਬਰਾਹਟ ਵਿੱਚ ਆ ਕੇ ਕਦੀ ਭਾਰਤ, ਕਦੀ ਚੀਨ ਅਤੇ ਹੋਰ ਦੇਸ਼ਾਂ 'ਤੇ ਦਬਾਅ ਪਾ ਰਿਹਾ ਹੈ ਕਿ ਉਹ ਅਮਰੀਕਾ ਦਾ ਸਾਥ ਦੇਣ।

ਇੱਕ ਨਵੀਂ ਭੂਗੋਲਿਕ ਰਾਜਨੀਤਕ ਅਸਲੀਅਤ ਉਭਰ ਕੇ ਸਾਹਮਣੇ ਆਈ ਹੈ, ਜਿਸ ਵਿੱਚ ਅਸੀਂ ਇਲਾਕਾਈ ਅਤੇ ਵਿਸ਼ਵ-ਵਿਆਪੀ ਤਾਕਤਾਂ ਦੇ ਦੁਬਾਰਾ ਮਿਲਣ ਨੂੰ ਵੇਖ ਰਹੇ ਹਾਂ। ਭਾਰਤ, ਰੂਸ,ਚੀਨ ਅਤੇ ਹੋਰ ਦੇਸ਼ ਆਪਣਾ ਕੌਮੀ ਲੈਣ-ਦੇਣ ਅਤੇ ਸਹਿਯੋਗ ਦੇ ਰਾਹੀਂ ਆਪਣੇ ਇੱਕ ਅਜਿਹੇ ਪ੍ਰਬੰਧ (ਅਰਥ ਵਿਵਸਥਾਵਾਂ) ਨੂੰ ਹੋਣ ਵਾਲੇ ਨੁਕਸਾਨ ਨੂੰ ਸੀਮਤ ਜਾਂ ਘੱਟ ਕਰਨ ਦੇ ਉਪਾਅ ਲੱਭ ਰਹੇ ਹਨ, ਤਾਂ ਕਿ ਅਮਰੀਕੀ ਦਬਾਅ ਨੂੰ ਪ੍ਰਭਾਵਹੀਣ ਬਣਾਇਆ ਜਾ ਸਕੇ।

ਹੋਰਮੁਜ਼ ਸੰਕਟ ਨੇ ਭਾਰਤ, ਚੀਨ ਅਤੇ ਰੂਸ ਨੂੰ ਇੱਕ-ਦੂਜੇ ਦੇ ਜ਼ਿਆਦਾ ਨੇੜੇ ਲਿਆਂਦਾ ਹੈ, ਜਦੋਂ ਕਿ ਇਹ ਪ੍ਰਕਿਰਿਆ ਪਹਿਲਾਂ ਤੋਂ ਹੀ ਜਾਰੀ ਸੀ, ਪਰ ਹੋਰਮੁਜ਼ ਸੰਕਟ ਨੇ ਉਸ ਨੂੰ ਹੋਰ ਤੇਜ਼ ਕਰ ਦਿੱਤਾ ਹੈ।

ਵਿਦੇਸ਼ੀ ਨਿਵੇਸ਼ਕ (ਉਹ ਵਿਅਕਤੀ ਕੰਪਨੀ ਜਾਂ ਸੰਸਥਾ ਹੁੰਦੀ ਹੈ, ਜੋ ਭਵਿੱਖ ਵਿੱਚ ਮੁਨਾਫ਼ਾ ਜਾਂ ਵਿੱਤੀ ਲਾਭ ਕਮਾਉਣ ਦੇ ਉਦੇਸ਼ ਨਾਲ ਆਪਣਾ ਪੈਸਾ, ਪੂੰਜੀ ਜਾਂ ਸਰੋਤ ਕਿਸੇ ਕਾਰੋਬਾਰ, ਸ਼ੇਅਰਾਂ, ਪ੍ਰਾਪਰਟੀ ਜਾਂ ਹੋਰ ਯੋਜਨਾਵਾਂ ਵਿੱਚ ਲਾਉਂਦੀ ਹੈ) ਇਹ ਵਿਦੇਸ਼ੀ ਨਿਵੇਸ਼ਕ ਬਹੁਤ ਤੇਜ਼ ਗਤੀ ਨਾਲ ਆਪਣੀ ਪੂੰਜੀ ਭਾਰਤ ਚੋਂ ਬਾਹਰ ਕੱਢਦੇ ਜਾ ਰਹੇ ਹਨ। ਉਨ੍ਹਾਂ ਇਸ ਸਾਲ ਮਈ ਮਹੀਨੇ ਵਿੱਚ 33,000/ ਕਰੋੜ ਰੁਪਏ ਕੱਢ ਲਏ ਹਨ। ਇਸ ਸਾਲ ਹਿੱਸੇਦਾਰ ਬਾਜ਼ਾਰਾਂ 'ਚੋਂ ਕੁੱਲ ਐੱਫ ਪੀ ਆਈ ਨਿਕਾਸ ਲਗਭਗ 2.3 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ, ਜਦੋਂ ਕਿ 2025 ਵਿੱਚ ਇਹ 1.7 ਲੱਖ ਕਰੋੜ ਰੁਪਏ ਸੀ।

ਅਮਰੀਕੀ ਦਬਾਵਾਂ ਦੇ ਕਾਰਨ ਭਾਰਤ ਨੇ ਚੀਨੀ ਨਿਵੇਸ਼ ਨੂੰ ਨਿਰਾਸ਼ ਕਰਨ ਦੀ ਨੀਤੀ ਅਪਨਾਈ ਸੀ, ਜਿਸ ਦੇ ਤਹਿਤ ਅਨੇਕ ਪਾਬੰਦੀਆਂ ਅਤੇ ਜਾਂਚ-ਪੜਤਾਲ ਲਗਾਏ ਗਏ ਸਨ, ਪਰੰਤੂ ਹਾਲ ਹੀ ਵਿੱਚ ਇਸ ਵਿੱਚ ਇੱਕ ਸਵਾਗਤਯੋਗ ਬਦਲਾਅ ਆਇਆ ਹੈ। ਭਾਰਤ ਨੇ ਇਸ ਸਾਲ ਦੇ ਸ਼ੁਰੂ ਵਿੱਚ ਪੀ ਐੱਨ 3 (ਵਿਦੇਸ਼ ਨੀਤੀ ਨਾਲ ਸੰਬੰਧਤ) ਅਥਵਾ ਪ੍ਰੈੱਸ ਨੋਟ 3 ਨੂੰ ਕੁਝ ਹਿੱਸਾ ਸਰਲ ਬਣਾਇਆ ਹੈ, ਜਿਸ ਦੇ ਤਹਿਤ ਚੀਨੀ ਪਰਤੱਖ ਵਿਦੇਸ਼ੀ ਨਿਵੇਸ਼ (ਐੱਫ ਡੀ ਆਈ) ਉੱਤੇ ਲਗਾਈਆਂ ਗਈਆਂ ਅਨੇਕ ਰੁਕਾਵਟਾਂ ਨੂੰ ਹਟਾਇਆ ਗਿਆ ਹੈ ਜਾਂ ਉਨ੍ਹਾਂ ਵਿੱਚ ਢਿੱਲ ਦਿੱਤੀ ਗਈ ਹੈ। ਮੌਜੂਦਾਂ ਹਾਲਤਾਂ ਵਿੱਚ ਚੀਨੀ ਐੱਫ ਡੀ ਆਈ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਇਸ ਨਾਲ ਪੂੰਜੀ ਪ੍ਰਵਾਹ ਵਿੱਚ ਵਾਧਾ ਹੋਵੇਗਾ ਅਤੇ ਵਿਉਪਾਰ ਘਾਟੇ ਵਿੱਚ ਕਮੀ ਆਵੇਗੀ। ਚੀਨ ਹੁਣ ਵਿਸ਼ਵ ਪੂੰਜੀ ਨੂੰ ਜ਼ਬਤ ਕਰਨ ਵਾਲੀ ਸਿਰਫ ਇੱਕ ਵਰਕਸ਼ਾਪ ਨਹੀਂ ਰਿਹਾ, ਬਲਕਿ ਉਹ ਹੁਣ ਇੱਕ ਪ੍ਰਮੁੱਖ ਨਿਵੇਸ਼ਕ ਬਣ ਚੁੱਕਾ ਹੈ।ਭਾਰਤ ਨੂੰ ਆਪਣੀਆਂ ਉਤਪਾਦਨ ਯੋਗਤਾਵਾਂ ਵਿੱਚ ਵਾਧੇ ਦੇ ਲਈ ਚੀਨੀ ਐੱਫ ਡੀ ਆਈ ਦਾ ਲਾਭ ਉਠਾਉਣਾ ਚਾਹੀਦਾ ਹੈ।

ਪੀ ਐੱਨ 3 ਸੰਬੰਧੀ ਨਿਯਮ 2020 ਵਿੱਚ ਲਾਗੂ ਕੀਤੇ ਗਏ ਸਨ, ਜਿਨ੍ਹਾਂ ਦੇ ਤਹਿਤ ਚੀਨੀ ਨਿਵੇਸ਼ਾਂ (ਧਨ ਲਗਾਉਣ ਵਾਲੇ) ਨੂੰ ਸਖਤ ਕੰਟਰੋਲ ਵਿੱਚ ਰੱਖਿਆ ਗਿਆ ਸੀ। ਸੰਨ 2020-21 ਤੋਂ 2024-25 ਦੇ ਦੌਰਾਨ ਚੀਨ ਤੋਂ ਪ੍ਰਾਪਤ ਐੱਫ ਡੀ ਆਈ ਮਾਤਰ 12.8 ਕਰੋੜ ਡਾਲਰ ਸੀ, ਜੋ ਬਹੁਤ ਮਾਮੂਲੀ ਰਾਸ਼ੀ ਹੈ।ਇਹ 2024-25 ਵਿੱਚ ਚੀਨ ਨਾਲ ਭਾਰਤ ਦੇ ਅੱਧੇ ਦਿਨ ਦੇ ਆਯਾਤ (ਬਾਹਰੋਂ ਮੰਗਵਾਉਣ) ਦੇ ਮੁੱਲ ਨਾਲੋਂ ਵੀ ਘੱਟ ਦੇ ਬਰਾਬਰ ਹੈ।

ਇਸ ਵਿਚਕਾਰ ਚੀਨ ਦੇ ਨਾਲ ਭਾਰਤ ਦਾ ਵਿਉਪਾਰ ਘਾਟਾ 2020-21 ਵਿੱਚ 43.5 ਅਰਬ ਡਾਲਰ ਤੋਂ ਵਧ ਕੇ 2025-26 ਵਿੱਚ 112 ਅਰਬ ਡਾਲਰ ਹੋ ਗਿਆ ਹੈ। ਚੀਨ ਹੁਣ ਭਾਰਤ ਦਾ ਸਭ ਤੋਂ ਵੱਧ ਵਿਉਪਾਰਕ ਹਿੱਸੇਦਾਰ ਬਣ ਚੁੱਕਾ ਹੈ, ਪਰੰਤੂ ਇਹ ਸੰਬੰਧ ਬਹੁਤ ਜ਼ਿਆਦਾ ਅਸੰਤੁਲਿਤ ਹਨ। ਚੀਨ ਤੋਂ 131.6 ਅਰਬ ਡਾਲਰ ਦਾ ਮਾਲ ਮੰਗਵਾਇਆ ਜਾਂਦਾ ਹੈ, ਜਦ ਕਿ ਚੀਨ ਨੂੰ ਮੁਸ਼ਕਲ ਨਾਲ 19.5 ਅਰਬ ਡਾਲਰ ਦਾ ਮਾਲ ਜਾਂਦਾ ਹੈ। ਭਾਰਤ ਅਤੇ ਚੀਨ ਦੋਵੇਂ ਹੀ ਮਾਲ ਦੇ ਲੈਣ-ਦੇਣ ਦੇ ਮਾਰਗ ਵਿੱਚ ਵੱਖ-ਵੱਖ ਕਿਸਮ ਦੀਆਂ ਰੁਕਾਵਟਾਂ ਲਾਉਂਦੇ ਰਹੇ ਹਨ।

ਭਾਰਤ ਦੀਆਂ ਇਲੈਕਟ੍ਰਾਨਿਕ ਜ਼ਰੂਰਤਾਂ ਦਾ ਲਗਭਗ 80 ਫੀਸਦੀ ਹਿੱਸਾ ਚੀਨ ਦੇ ਮਾਲ ਦੁਆਰਾ ਪੂਰਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਚੀਨ ਦੇ ਪ੍ਰਮੁੱਖ ਸਮਾਨਾਂ ਵਿੱਚ ਭਾਰੀ ਉਦਯੋਗਿਕ ਮਸ਼ੀਨਰੀ, ਸੂਰਜੀ ਸੇਲ ਅਤੇ ਹੋਰ ਸਾਮਾਨ ਵੀ ਸ਼ਾਮਲ ਹੈ। ਦੂਜੇ ਪਾਸੇ ਭਾਰਤ ਤੋਂ ਚੀਨ ਨੂੰ ਜਾਣ ਵਾਲਾ ਸਾਮਾਨ ਘੱਟ ਮੁੱਲ ਵਾਲਾ ਕੱਚੇ ਮਾਲ ਨਾਲ ਬਣਿਆ ਹੈ।

ਦੂਸਰੇ ਸ਼ਬਦਾਂ ਵਿੱਚ ਸਾਨੂੰ ਆਪਣੇ ਉਦਯੋਗ (ਮੈਨੂਫੈਕਚਰਿੰਗ) ਨੂੰ ਵਧਾਉਣ ਅਤੇ ਤਿਆਰ ਮਾਲ ਭੇਜਣ ਦੀ ਜ਼ਰੂਰਤ ਹੈ। ਪੀ ਐੱਨ 3 ਵਿੱਚ ਕੀਤੀਆਂ ਗਈਆਂ ਸੋਧਾਂ ਸਾਮਾਨ ਮੰਗਵਾਉਣ 'ਤੇ ਨਿਰਭਰਤਾ ਘੱਟ ਕਰਨ ਅਤੇ ਉਤਪਾਦਨ ਜਾਂ ਉਤਪਾਦਨ ਸੰਬੰਧੀ ਯੋਗਤਾਵਾਂ ਨੂੰ ਵਧਾਉਣ ਵਿੱਚ ਸਹਾਇਤਾ ਕਰ ਸਕਦੇ ਹਨ। ਇਸ ਢੰਗ ਨਾਲ ਚੀਨੀ ਐੱਫ ਡੀ ਆਈ ਕਾਰਖਾਨਿਆਂ ਦੀ ਸਥਾਪਨਾ ਦੇ ਜ਼ਰੀਏ ਸਾਮਾਨ ਬਾਹਰ ਭੇਜਣ ਵਿੱਚ ਵਧੇਰੇ ਮਦਦ ਕਰ ਸਕਦਾ ਹੈ।

ਭਾਰਤ ਇਸ ਹਾਲਤ ਦਾ ਲਾਭ ਉਠਾ ਕੇ ਵਿਉਪਾਰ ਅਸੰਤੁਲਨ ਨੂੰ ਘੱਟ ਕਰ ਸਕਦਾ ਹੈ।ਇਸ ਤੋਂ ਇਲਾਵਾ ਚੀਨ ਨੇ ਹੋਰਮੁਜ਼ ਖੇਤਰ ਰਾਹੀਂ ਤੇਲ ਲਿਆਉਣ ਵਿੱਚ ਕਮੀ ਕੀਤੀ ਹੈ। ਇਸ ਦਾ ਲਾਭ ਭਾਰਤ ਨੂੰ ਮਿਲ ਸਕਦਾ ਹੈ ਅਤੇ ਰਾਜਨੀਤਕ ਨੇੜਤਾ ਵੀ ਹੋ ਸਕਦੀ ਹੈ।

ਚਿੱਪ ਬਣਾਉਣ ਅਤੇ ਵਿਸ਼ਵ-ਵਿਆਪੀ ਵਪਾਰ ਇੱਕ ਨਵੇਂ ਪ੍ਰਮੁੱਖ ਖੇਤਰ ਦੇ ਰੂਪ ਵਿੱਚ ਉੱਭਰ ਰਿਹਾ ਹੈ।ਭਾਰਤ-ਚੀਨ ਵਿਚਕਾਰ ਚਿੱਪ ਅਤੇ ਸੈਮੀਕੰਡਕਟਰ ਵਸਤੂਆਂ ਦਾ ਲੈਣ-ਦੇਣ ਲਗਾਤਾਰ ਵਧਾ ਰਿਹਾ ਹੈ,ਜਿਸ ਨਾਲ ਨਵੀਂ ਰਣਨੀਤਕ ਸਾਂਝੇਦਾਰੀ ਅਤੇ ਵਿਉਪਾਰਕ ਸੰਬੰਧ ਵਿਕਸਤ ਹੋ ਰਹੇ ਹਨ।ਚਿੱਪ ਬਾਜ਼ਾਰ ਵਿਸ਼ਵ-ਵਿਆਪੀ ਸੰਘਰਸ਼ ਦਾ ਇੱਕ ਨਵਾਂ ਸਰੋਤ ਬਣ ਗਿਆ ਹੈ, ਭਾਰਤ ਅਤੇ ਚੀਨ ਜੇ ਇਸ ਖੇਤਰ ਵਿੱਚ ਆਪਸੀ ਸਹਿਯੋਗ ਕਰਨ ਤਾਂ ਇਹ ਅਜਿਹੇ ਅਮਰੀਕੀ ਸਾਮਰਾਜੀ ਯੁੱਧਾਂ ਦੀ ਰੋਕਥਾਮ ਵਿੱਚ ਯੋਗਦਾਨ ਪਾ ਸਕਦੇ ਹਨ।

ਜ਼ਮੀਨੀ ਰਾਜਨੀਤੀ ਵਿੱਚ ਆਏ ਤਾਜ਼ਾ ਬਦਲਾਵਾਂ ਨੇ ਭਾਰਤ, ਚੀਨ ਅਤੇ ਰੂਸ ਨੂੰ ਇੱਕ-ਦੂਜੇ ਦੇ ਨੇੜੇ ਲਿਆਂਦਾ ਤੇ ਦੇਸ਼ਾਂ ਦੀਆਂ ਸਰਹੱਦਾਂ 'ਤੇ ਵੀ ਤਣਾਅ ਵਿੱਚ ਭਾਰੀ ਕਮੀ ਆਈ ਹੈ ਅਤੇ ਜਿਸ ਨਾਲ ਸਾਜ਼ਗਾਰ ਹਾਲਤਾਂ ਬਣੀਆਂ ਹਨ। ਇਹ ਬਹੁਪੱਖੀ ਸਹਿਯੋਗ ਪੂਰੇ ਵਿਸ਼ਵ ਵਿੱਚ ਅਮਨ-ਚੈਨ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।

ਭਾਰਤ ਨੂੰ ਅਮਰੀਕਾ ਦੀਆਂ ਹਦਾਇਤਾਂ ਦਾ ਬਿਨਾਂ ਸੋਚੇ-ਸਮਝੇ ਪਾਲਣ ਅਤੇ ਈਨ ਮੰਨਣ ਵਾਲੀ ਆਪਣੀ ਨੀਤੀ ਦਾ ਤਿਆਗ ਕਰਨਾ ਹੋਵੇਗਾ। ਚੀਨ ਨੂੰ ਵੀ ਆਪਣੀਆਂ ਕੁਝ ਸਖਤ ਨੀਤੀਆਂ ਵਿੱਚ ਢਿੱਲ ਦੇਣ ਦੇ ਨਾਲ ਨਾਲ ਵਿਉਪਾਰ ਜਾਂ ਆਰਥਿਕ ਲੈਣ-ਦੇਣ 'ਤੇ ਲੱਗੀਆਂ ਸਾਰੀਆਂ ਪਾਬੰਦੀਆਂ ਨੂੰ ਖਤਮ ਕਰਨਾ ਚਾਹੀਦਾ ਹੈ। ਹਾਲ ਹੀ ਵਿੱਚ ਚੀਨ ਨੇ ਜੋ ਭਾਰਤ ਨਾਲ ਵਸਤੂਆਂ ਦੇ ਲੈਣ-ਦੇਣ ਨੂੰ ਹੋਰ ਜ਼ਿਆਦਾ ਪਾਬੰਦੀਆਂ ਵਾਲਾ ਬਣਾਇਆ ਹੈ, ਉਸ ਨੂੰ ਵਾਪਸ ਲੈਣ ਅਤੇ ਖ਼ਤਮ ਕਰ ਦੇਣਾ ਚਾਹੀਦਾ ਹੈ।

ਭਾਰਤ ਨੂੰ ਆਪਣੀ ਪਰੰਪਰਾਗਤ ਸੁਤੰਤਰ, ਪ੍ਰਭੂਸੱਤਾ ਅਤੇ ਆਜ਼ਾਦ ਵਿਦੇਸ਼ ਨੀਤੀ ਦੀ ਸਥਿਤੀ ਨੂੰ ਬਣਾਈ ਰੱਖਦਿਆਂ ਹੋਇਆਂ ਸਾਰੇ ਦੇਸ਼ਾਂ ਦੇ ਨਾਲ ਸੰਬੰਧ ਵਿਕਸਤ ਕਰਨੇ ਚਾਹੀਦੇ। ਮੂਲ ਰੂਪ ਵਿੱਚ ਭਾਰਤ ਨੂੰ ਆਪਣੀ ਆਰਥਿਕ ਆਜ਼ਾਦੀ ਨੂੰ ਮਜ਼ਬੂਤ ਕਰਨ ਲਈ ਆਪਣੀ ਉਤਪਾਦਨ ਯੋਗਤਾ ਦਾ ਵਿਕਾਸ ਕਰਨਾ ਚਾਹੀਦਾ। ਰੂਸ ਅਤੇ ਚੀਨ ਦੇ ਨਾਲ ਅਤੇ ਹੋਰ ਅਗਾਂਹਵਧੂ ਜਾਂ ਵਿਕਾਸਸ਼ੀਲ ਦੇਸ਼ਾਂ ਦੇ ਨਾਲ ਮਿੱਤਰਤਾ ਅਤੇ ਰਣਨੀਤਕ ਤੇ ਯੁੱਧਨੀਤਕ ਹੱਦਾਂ ਦਾ ਵਿਕਾਸ, ਅਮਰੀਕੀ ਆਰਥਿਕ ਅਤੇ ਰਾਜਨੀਤਕ ਦਬਾਵਾਂ ਦਾ ਮੁਕਾਬਲਾ ਕਰਨਾ ਜ਼ਿਆਦਾ ਸੰਭਵ ਬਣਾ ਦੇਵੇਗਾ।

# ਸੰਪਰਕ : 98760-78731

# ਅਲੋਪ ਹੋ ਰਹੇ ਰਿਸ਼ਤੇ

ਰਣਬੀਰ ਸੂਦ

ਅੱਜ ਜਦੋਂ ਅਸੀਂ ਕੁਝ ਸਮਾਂ ਪਿੱਛੇ ਜਾ ਕੇ ਝਾਤ ਮਾਰਦੇ ਹਾਂ ਤਾਂ ਮਹਿਸੂਸ ਕਰਦੇ ਹਾਂ ਕਿ ਸਮਾਂ ਬੜੀ ਤੇਜ਼ੀ ਨਾਲ ਬਦਲ ਗਿਆ ਹੈ। ਅਸੀਂ ਸਮੇਂ ਦੇ ਹਾਣੀ ਨਹੀਂ ਬਣ ਸਕੇ। ਅਸੀਂ ਪਛੜ ਗਏ ਹਾਂ। ਅਸੀਂ ਤਰੱਕੀ ਜਿੰਨੀ ਮਰਜ਼ੀ ਕਰ ਲਈ ਹੈ, ਪਰ ਮਾਨਸਿਕ ਸਕੂਨ ਤੋਂ ਵਿਰਵੇ ਹੋ ਗਏ ਹਾਂ। ਹਰ ਚੀਜ਼ ਦੀ ਬਹੁਤਾਤ ਸਾਡੇ ਕੋਲ ਹੋ ਗਈ ਹੈ, ਪਰ ਉਨ੍ਹਾਂ ਨੂੰ ਵਰਤਣ ਵਾਲਿਆਂ ਦੀ ਘਾਟ ਹੈ। ਅਸੀਂ ਕਿਸੇ ਦੀ ਖੁਸ਼ੀ ਵਿੱਚ ਖੁਸ਼ ਅਤੇ ਦੁੱਖ ਵਿੱਚ ਦੁਖੀ ਨਹੀਂ ਹੁੰਦੇ, ਸਗੋਂ ਇਕੱਲਵਾਦੀ ਸਮਾਜ ਦੀ ਰਚਨਾ ਵਿੱਚ ਹਿੱਸੇਦਾਰ ਹੋ ਗਏ ਹਾਂ। ਸਾਡੇ ਰਿਸ਼ਤਿਆਂ ਵਿੱਚ ਵੀ ਕਟੌਤੀ ਹੋ ਗਈ ਹੈ। ਅਸੀਂ ਅਜੀਬ ਜਿਹੀ ਤਰੱਕੀ ਵੱਲ ਤੁਰ ਪਏ ਹਾਂ। ਪਰਵਾਰ ਟੁੱਟ ਰਹੇ ਹਨ। ਸਮਾਜ ਦੀਆਂ ਪਰੰਪਰਾਵਾਂ ਟੁੱਟ ਰਹੀਆਂ ਹਨ। ਅਸੀਂ ਇਕੱਲੇਪਣ ਦੇ ਅਜੀਬ ਜਿਹੇ ਸੰਨਾਟੇ ਵਿੱਚ ਵਿਚਰ ਰਹੇ ਹਾਂ।

ਅੱਜ ਪਰਿਵਾਰ ਦੀ ਪਰਿਭਾਸ਼ਾ ਪਤੀ-ਪਤਨੀ ਅਤੇ ਬੱਚਿਆਂ ਤੱਕ ਹੀ ਸੀਮਿਤ ਹੋ ਗਈ ਹੈ।ਚਾਚਾ, ਤਾਇਆ, ਭੂਆ, ਮਾਮੀ, ਮਾਮਾ, ਮਾਸੀ ਵਰਗੇ ਰਿਸ਼ਤੇ ਹੁਣ ਮਨਫੀ ਹੋ ਗਏ ਹਨ। ਅਸੀਂ ਸਿਰਫ ਆਪਣੀ ਪੀੜ੍ਹੀ ਵਿੱਚ ਹੀ ਵਿਚਰਦੇ ਹਾਂ। ਉਮਰ ਦੀ ਲੰਬਾਈ ਵਿੱਚ ਘਾਟ ਆ ਗਈ ਹੈ। ਆਦਮੀ 30 ਸਾਲ ਦੀ ਉਮਰ ਵਿੱਚ ਹੀ ਵਿਆਹ ਕਰਾਉਂਦਾ ਹੈ ਅਤੇ 60 ਸਾਲ ਦੀ ਉਮਰ ਤੱਕ ਉਸ ਦੀ ਔਲਾਦ ਵਿਆਹਯੋਗ ਹੁੰਦੀ ਹੈ। ਏਨੀ ਹੀ ਆਦਮੀ ਦੀ ਔਸਤ ਉਮਰ ਹੁੰਦੀ ਹੈ। ਕੋਈ ਵਿਰਲਾ ਹੀ ਆਪਣੀ ਅਗਲੀ ਪੀੜ੍ਹੀ ਭਾਵ ਪੋਤਾ-ਪੋਤੀ, ਦੋਹਤਾ-ਦੋਹਤੀ ਦਾ ਬਚਪਨ ਵੇਖ ਸਕਦਾ ਹੈ। ਜੇਕਰ ਕੋਈ ਉਮਰ ਦੇ ਉਸ ਪੜਾਅ ਵਿੱਚ ਪੁੱਜ ਵੀ ਜਾਵੇ ਤਾਂ ਹਾਲਾਤ ਵੱਸ ਉਹ ਆਪਣੇ ਸਾਂਝੇ ਪਰਵਾਰ ਵਿੱਚ ਨਹੀਂ ਰਹਿ ਸਕਦਾ। ਪੋਤੇ ਦਾ ਬਚਪਨ, ਉਸ ਦੀ ਜਵਾਨੀ ਦਾ ਨਜ਼ਾਰਾ ਉਹ ਨਹੀਂ ਮਾਣ ਸਕਦਾ। ਇੱਕ ਪੰਜਾਬੀ ਦੀ ਬਹੁਤ ਖ਼ੂਬਸੂਰਤ ਕਹਾਵਤ ਹੈ ਕਿ ਪੋਤੇ ਦਾ ਪਹਿਲਾ ਯਾਰ ਦਾਦਾ ਹੁੰਦਾ ਹੈ ਅਤੇ ਦਾਦੇ ਦਾ ਆਖਰੀ ਯਾਰ ਉਸ ਦਾ ਪੋਤਾ ਹੁੰਦਾ ਹੈ, ਪਰ ਤੱਤਕਾਲੀ ਸਮਾਜਿਕ ਹਾਲਾਤ ਵਿੱਚ ਇਹ ਕਹਾਵਤ ਵੀ ਹੁਣ ਸਹੀ ਸਾਬਿਤ ਨਹੀਂ ਹੁੰਦੀ।

ਤੱਤਕਾਲੀ ਸਮਾਜ ਵਿੱਚ ਹੁਣ ਇੱਕ ਹੋਰ ਰਿਸ਼ਤਾ ਆਪਣੀ ਹੋਂਦ ਹੀ ਮੁਕਾ ਚੁੱਕਾ ਜਾਪਦਾ ਹੈ। ਇਹ ਰਿਸ਼ਤਾ ਪੋਤ-ਨੂੰਹ, ਪੜਪੋਤਰੇ ਦਾ ਹੁੰਦਾ ਸੀ। ਸਾਂਝੇ ਪਰਵਾਰਾਂ ਵਿੱਚ ਇਹ ਰਿਸ਼ਤਾ ਆਮ ਹੀ ਦਿਖਾਈ ਦੇ ਦਿੰਦਾ ਸੀ, ਪਰ ਹੁਣ ਗਲੀ, ਮੁਹੱਲਾ ਤਾਂ ਛੱਡੋ, ਪੂਰੇ ਸ਼ਹਿਰ ਵਿੱਚ ਇਹ ਰਿਸ਼ਤਾ ਨਹੀਂ ਲੱਭਦਾ। ਜੇਕਰ ਲੱਭ ਵੀ ਜਾਵੇ ਤਾਂ ਘਰ ਸਾਂਝਾ ਨਹੀਂ ਹੋ ਸਕਦਾ। ਘਰਾਂ ਵਿੱਚ ਖਲੋਤੀਆਂ ਬੇਰੁਜ਼ਗਾਰੀ ਅਤੇ ਸਵਾਰਥ ਦੀਆਂ ਕੰਧਾਂ ਨੇ ਉਨ੍ਹਾਂ ਦੇ ਰੈਣ-ਬਸੇਰੇ ਵੱਖ-ਵੱਖ ਕਰ ਦਿੱਤੇ ਹਨ। ਕੰਮ ਕਾਜ ਵੱਖ-ਵੱਖ ਹੋ ਗਏ। ਪੜ੍ਹਾਈ-ਲਿਖਾਈ ਨੇ ਇੱਕ ਦੂਜੇ ਨੂੰ ਵੱਖ ਕਰ ਦਿੱਤਾ ਹੈ। ਨੂੰਹ ਜਿੱਥੇ ਆਪਣੇ ਸਹੁਰੇ ਤੋਂ ਘੁੰਢ ਕੱਢਦੀ ਸੀ। ਘਰ ਵਿੱਚ ਉੱਚੀ ਨਹੀਂ ਸੀ ਬੋਲ ਸਕਦੀ। ਸਾਰੇ ਪਰਵਾਰ ਵਿੱਚ ਅਨੁਸ਼ਾਸਨ ਕਾਇਮ ਰੱਖਣ ਦੀ ਜ਼ਿੰਮੇਵਾਰੀ ਉਸ ਦੀ ਹੁੰਦੀ ਸੀ, ਪਰ ਇਸ ਦੇ ਉਲਟ ਪੋਤ-ਨੂੰਹ ਸਹੁਰੇ ਘਰ ਇੱਕ ਧੀ ਦੀ ਤਰ੍ਹਾਂ ਵਿਚਰਦੀ ਸੀ। ਉਹ ਘਰ ਦੀ ਨੂੰਹ ਘੱਟ ਅਤੇ ਧੀ ਵਧੇਰੇ ਜਾਪਦੀ ਸੀ। ਉਸ ਦੀ ਸੱਸ ਵੀ ਉਸਨੂੰ ਕੋਈ ਕੰਮ ਛੇਤੀ ਨਹੀਂ ਸੀ ਕਹਿੰਦੀ। ਉਸ ਨੂੰ ਟੋਕਾ-ਟਾਕੀ ਨਹੀਂ ਸੀ ਕਰਦੀ। ਪੋਤ-ਨੂੰਹ ਦਾਦਾ-ਦਾਦੀ ਸੱਸ ਤੋਂ ਘੁੰਢ ਨਹੀਂ ਸੀ ਕੱਢਦੀ, ਸਗੋਂ ਉਨ੍ਹਾਂ ਨਾਲ ਇੱਕ ਬੱਚੇ ਜਾਂ ਦੋਸਤਾਂ ਦੀ ਤਰ੍ਹਾਂ ਵਤੀਰਾ ਕਰਦੀ ਸੀ। ਉਹ ਉਨ੍ਹਾਂ ਨਾਲ ਹਾਸਾ-ਮਜ਼ਾਕ, ਟਿੱਚਰ ਕਰਨ ਤੋਂ ਵੀ ਗੁਰੇਜ਼ ਨਹੀਂ ਸੀ, ਕਰਦੀ। ਉਹ ਭਾਵੇਂ ਘਰ ਦਾ ਕੋਈ ਕੰਮ ਕਰੇ ਜਾਂ ਨਾ ਕਰੋ, ਬਸ ਦਾਦਾ-ਦਾਦੀ ਦੇ ਵਾਲਾਂ ਨੂੰ ਤੇਲ ਲਗਾ ਦੇਵੇ। ਉਨ੍ਹਾਂ ਦਾ ਮੰਜਾ-ਬਿਸਤਰਾਂ ਵਿਛਾ ਦੇਵੇ ਤਾਂ ਘਰ ਵਿੱਚ ਸੁਚੱਜੀ ਨੂੰਹ ਦਾ ਖਿਤਾਬ ਹਾਸਿਲ ਕਰ ਲੈਂਦੀ ਸੀ। ਇਸ ਦੇ ਬਦਲੇ ਉਹ ਬਜ਼ੁਰਗਾਂ ਕੋਲੋਂ ਜਿੱਥੇ ਅਸੀਸਾਂ ਦੀ ਪੰਡ ਭਰ ਲੈਂਦੀ ਸੀ, ਉਥੇ ਹੀ ਕੋਈ ਟੂਮ-ਛੱਲਾ ਵੀ ਦਾਦੀ ਮਾਂ ਕੋਲੋਂ ਹਾਸਿਲ ਕਰਨ ਵਿੱਚ ਕਾਮਯਾਬ ਹੋ ਜਾਂਦੀ ਸੀ। ਰੋਜ਼ਗਾਰ ਖਾਤਰ ਬੱਚੇ ਵਿਦੇਸ਼ਾਂ ਵਿੱਚ ਧੱਕੇ ਖਾ ਰਹੇ ਹਨ। ਇੱਧਰ ਮਾਪੇ ਉਹਨਾਂ ਦੀ ਇੱਕ ਝਲਕ ਪਾਉਣ ਦੀ ਖਾਤਿਰ ਤਰਸ ਰਹੇ ਹਨ। ਬੱਚੇ ਆਪੇ ਹੀ ਆਪਣਾ ਜੀਵਨ ਸਾਥੀ ਲੱਭ ਰਹੇ ਹਨ। ਬੱਚੇ ਆਇਆ ਕੋਲ ਪਲਦੇ ਹਨ। ਬੱਚੇ ਆਪਣੇ ਰਿਸ਼ਤੇਦਾਰਾਂ ਦੇ ਰਿਸ਼ਤੇ ਪ੍ਰਤੀ ਅਣਜਾਣ ਹਨ। ਉਹਨਾਂ ਦੇ ਆਪਣੇ ਤਾਂ ਸਿਰਫ ਉਨ੍ਹਾਂ ਦੇ ਪਾਲਤੂ ਕੁੱਤੇ ਜਾਂ ਬਿੱਲੀਆਂ ਹੀ ਹਨ। ਇਨਸਾਨੀ ਕਦਰਾਂ-ਕੀਮਤਾਂ ਖਾਮੋਸ਼ ਹਨ। ਰਿਸ਼ਤਿਆਂ ਦੀ ਲੰਬਾਈ ਨੂੰ ਵੀ ਕੱਟ ਲੱਗ ਗਿਆ ਹੈ। ਇਸ ਸਮਾਜਿਕ ਪ੍ਰਕ੍ਰਿਆ ਵਿੱਚ ਰਿਸ਼ਤਿਆਂ ਦਾ ਹੀ ਘਾਣ ਨਹੀਂ ਹੋਇਆ, ਸਗੋਂ ਸਾਡੇ ਵਿਰਸੇ ਨੂੰ ਵੀ ਢਾਹ ਲੱਗੀ ਹੈ। ਅੱਜ ਸਾਨੂੰ ਸਾਡਾ ਪਿਛੋਕੜ ਦੱਸਣ ਵਾਲਾ ਕੋਈ ਬਜ਼ੁਰਗ ਨਹੀਂ। ਸਾਡੇ ਬਜ਼ੁਰਗ ਇੱਕ ਤੁਰਦੀ-ਫਿਰਦੀ ਇਤਿਹਾਸ ਦੀ ਕਿਤਾਬ ਸਨ। ਜਿਨ੍ਹਾਂ ਨੇ ਇਤਿਹਾਸ ਬਣਦੇ ਵੇਖਿਆ ਸੀ, ਪਰ ਅੱਜ ਅਸੀਂ ਉਨ੍ਹਾਂ ਦੀ ਅਣਹੋਂਦ ਕਰਕੇ ਇਤਿਹਾਸ ਕਿਤਾਬਾਂ ਵਿੱਚੋਂ ਲੱਭ ਰਹੇ ਹਾਂ।

ਮਸ਼ਹੂਰ ਲੇਖਕ ਬਲਵੰਤ ਗਾਰਗੀ ਨੇ ਆਪਣੀ ਪੜਦਾਦੀ, ਭੂਆ, ਨਾਨੀ ਬਾਰੇ ਆਪਣੀ ਕਿਤਾਬ 'ਕੱਕਾ ਰੇਤਾ' ਵਿੱਚ ਇਨ੍ਹਾਂ ਰਿਸ਼ਤਿਆਂ ਦਾ ਬਹੁਤ ਖ਼ੂਬਸੂਰਤ ਵਰਨਣ ਕੀਤਾ ਹੈ।ਸ਼ਾਇਦ ਅਸੀਂ ਉਹ ਆਖਰੀ ਪੀੜ੍ਹੀ ਹਾਂ, ਜਿਨ੍ਹਾਂ ਨੇ ਇਸ ਰਿਸ਼ਤੇ ਦੀ ਹੋਂਦ ਦਾ ਆਨੰਦ ਮਾਣਿਆ ਹੈ ਅਤੇ ਇਸ ਨੂੰ ਖਤਮ ਹੁੰਦਿਆਂ ਵੀ ਆਪ ਹੀ ਵੇਖਿਆ ਹੈ।

# ਸੰਪਰਕ : 97805-53839

# ਤਿੰਨ ਇਨਕਲਾਬੀ ਜਿਨ੍ਹਾਂ ਦੁਨੀਆ ਦਾ ਨਕਸ਼ਾ ਬਦਲ ਦਿੱਤਾ

ਮੂਲ : ਐੱਫ ਐੱਸ ਐਜਾਜ਼ੁਦੀਨ
ਅਨੁਵਾਦ : ਐੱਮ ਐੱਸ ਭਾਟੀਆ

ਪਿਛਲੇ 250 ਸਾਲਾਂ ਵਿੱਚ ਦੁਨੀਆ ਨੇ ਇਨਕਲਾਬਾਂ ਦੀ ਇੱਕ ਸੁਨਾਮੀ ਦੇਖੀ ਹੈ—ਅਮਰੀਕੀ, ਫਰਾਂਸੀਸੀ, ਚੀਨੀ ਅਤੇ ਇਨ੍ਹਾਂ ਤੋਂ ਪ੍ਰੇਰਨਾ ਲੈ ਕੇ ਕਿਊਬਾ ਦਾ ਇਨਕਲਾਬ। ਇਨ੍ਹਾਂ ਇਨਕਲਾਬਾਂ ਦੀਆਂ ਲਹਿਰਾਂ ਦੁਨੀਆ ਭਰ ਵਿੱਚ ਫੈਲੀਆਂ ਅਤੇ ਅੱਜ ਵੀ ਸਾਡੇ ਉੱਤੇ ਆਪਣਾ ਪ੍ਰਭਾਵ ਪਾ ਰਹੀਆਂ ਹਨ। ਚੇਅਰਮੈਨ ਮਾਓ ਜ਼ੇ ਤੁੰਗ ਦੀ ਭਵਿੱਖਬਾਣੀ ਮੁਤਾਬਕ, ਇਨ੍ਹਾਂ ਦਾ ਅਸਰ ਭਵਿੱਖ ਦੇ ਇਤਿਹਾਸ 'ਤੇ ਵੀ ਪਵੇਗਾ। ਇਸ ਸਾਲ ਅਮਰੀਕਾ ਦੇ ਦੋਸਤ ਉਸ ਦੇ 250 ਸਾਲ ਪੂਰੇ ਹੋਣ ਦਾ ਜਸ਼ਨ ਮਨਾ ਰਹੇ ਹਨ, ਜਦਕਿ ਉਸ ਦੇ ਆਲੋਚਕ ਇਨ੍ਹਾਂ ਨੂੰ ਅਮਰੀਕਾ ਦੇ ਆਖ਼ਰੀ 250 ਸਾਲ ਮੰਨਦੇ ਹਨ।

ਅਮਰੀਕਾ ਉਸ ਸਰਵ-ਉੱਚਤਾ ਦਾ ਆਨੰਦ ਮਾਣ ਰਿਹਾ ਹੈ, ਜਿਸ ਦਾ ਵਾਅਦਾ ਪੂੰਜੀਵਾਦ ਨੇ ਕੀਤਾ ਸੀ — ਪਰ ਇਸ ਲਈ ਇੱਕ ਅਜਿਹੀ ਭਾਰੀ ਕੀਮਤ ਚੁਕਾਉਣੀ ਪਈ ਹੈ, ਜਿਸ ਦਾ ਭੁਗਤਾਨ ਅਮਰੀਕੀ ਡਾਲਰਾਂ ਵਿੱਚ ਕੀਤਾ ਜਾਂਦਾ ਹੈ। ਅਮਰੀਕਾ ਰੂਸ ਤੋਂ ਪ੍ਰੇਸ਼ਾਨ ਹੈ, ਜੋ ਉਸ ਲਈ ਸਦਾ ਬਣਿਆ ਰਹਿਣ ਵਾਲਾ ਸਿਰਦਰਦ ਹੈ; ਚੀਨ, ਜੋ ਵਾਰ-ਵਾਰ ਉਭਰਨ ਵਾਲੀ ਬਿਮਾਰੀ ਵਾਂਗ ਹੈ ਅਤੇ ਕਿਊਬਾ, ਜੋ ਉਸ ਲਈ ਇੱਕ ਚੁਭਵਾਂ ਕੰਡਾ ਬਣਿਆ ਹੋਇਆ ਹੈ।

ਸਾਈਮਨ ਹਾਲ ਦੀ ਹਾਲ ਹੀ ਵਿੱਚ ਪ੍ਰਕਾਸ਼ਤ ਕਿਤਾਬ 'ਥਰੀ ਰੈਵੋਲਿਊਸ਼ਨਜ਼- ਰਸ਼ੀਆ, ਚਾਈਨਾ ਐਂਡ ਕਿਊਬਾ' (2025)। ਇਨ੍ਹਾਂ ਤਿੰਨਾਂ ਸਮਾਜਿਕ ਉਥਲ-ਪੁਥਲਾਂ ਦੀ ਉਤਪਤੀ ਦਾ ਅਧਿਐਨ ਕਰਦੀ ਹੈ। ਦਿਲਚਸਪ ਗੱਲ ਇਹ ਹੈ ਕਿ ਉਹ ਇਨ੍ਹਾਂ ਇਨਕਲਾਬਾਂ ਨੂੰ ਤਿੰਨ ਲੇਖਕਾਂ ਨਾਲ ਜੋੜਦਾ ਹੈ। ਤਿੰਨੇ ਅਮਰੀਕੀ ਸਨ ਅਤੇ ਇਤਫ਼ਾਕ ਨਾਲ ਸਹੀ ਸਮੇਂ ਸਹੀ ਥਾਂ 'ਤੇ ਮੌਜੂਦ ਸਨ। ਜੌਨ ਰੀਡ ਨੇ 1917 ਵਿੱਚ ਰੂਸੀ ਇਨਕਲਾਬ ਦੇ ਫੜਕਣ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ। ਐਡਗਰ ਸਨੋ ਨੇ ਮਾਓ ਅਤੇ 1934-35 ਦੇ ਔਖੇ ਲਾਂਗ ਮਾਰਚ ਤੋਂ ਬਚ ਕੇ ਨਿਕਲੇ ਲੋਕਾਂ ਨਾਲ ਮੁਲਾਕਾਤ ਕੀਤੀ। ਤੀਜੇ ਸਨ ਹਰਬਰਟ ਮੈਥਿਊਜ਼, ਜੋ 'ਨਿਊਯਾਰਕ ਟਾਈਮਜ਼' ਦੇ ਪੱਤਰਕਾਰ ਸਨ। ਉਹ 1957 ਵਿੱਚ ਕਿਊਬਾ ਪਹੁੰਚੇ ਅਤੇ ਜਨਰਲ ਬਤਿਸਤਾ ਦੀ ਸਰਕਾਰ ਨੂੰ ਉਖਾੜ ਸੁੱਟਣ ਲਈ ਫਿਦੇਲ ਕਾਸਤਰੋ ਦੀ ਘੱਟ ਸਾਧਨਾਂ ਦੇ ਬਾਵਜੂਦ ਕੀਤੀ ਜਾ ਰਹੀ ਦ੍ਰਿੜ੍ਹ ਕੋਸ਼ਿਸ਼ ਨੂੰ ਦੇਖਿਆ।

ਇਨ੍ਹਾਂ ਤਿੰਨਾਂ ਆਪਣੇ ਤਜਰਬਿਆਂ ਅਤੇ ਇਨਕਲਾਬੀ ਆਗੂਆਂ—ਖ਼ਾਸ ਕਰਕੇ ਲੈਨਿਨ, ਮਾਓ ਅਤੇ ਫਿਦੇਲ ਕਾਸਤਰੋ ਨਾਲ ਹੋਈਆਂ ਮੁਲਾਕਾਤਾਂ ਬਾਰੇ ਕਿਤਾਬਾਂ ਲਿਖੀਆਂ। ਉਨ੍ਹਾਂ ਨੇ ਇਨ੍ਹਾਂ ਸਮਾਜਿਕ ਉਥਲ-ਪੁਥਲਾਂ ਬਾਰੇ ਪ੍ਰਮਾਣਿਕ ਅਤੇ ਕਈ ਪੱਖਾਂ ਤੋਂ ਪੱਛਮੀ ਧਾਰਨਾਵਾਂ ਨੂੰ ਦਰੁਸਤ ਕਰਨ ਵਾਲੀ ਜਾਣਕਾਰੀ ਦਿੱਤੀ, ਜਿਨ੍ਹਾਂ ਨੂੰ ਪੱਛਮ ਅੱਜ ਵੀ ਅਕਸਰ ਗਲਤ ਸਮਝਦਾ ਹੈ।

1917 ਵਿੱਚ, ਰੀਡ ਨੇ ਪੈਟਰੋਗ੍ਰਾਡ (ਹੁਣ ਸੇਂਟ ਪੀਟਰਸਬਰਗ) ਵਿਖੇ ਜ਼ਾਰ ਦੇ ਵਿੰਟਰ ਪੈਲੇਸ (ਸ਼ਾਹੀ ਮਹਿਲ) 'ਤੇ ਕੀਤੇ ਗਏ ਹਮਲੇ ਅਤੇ ਕਬਜ਼ੇ ਨੂੰ ਦੇਖਿਆ। ਸਵੈ-ਨਿਯੁਕਤ ਪਹਿਰੇਦਾਰਾਂ ਨੇ ਲੁਟੇਰਿਆਂ ਨੂੰ ਮਹਿਲ ਦੇ ਖ਼ਜ਼ਾਨੇ ਅਤੇ ਸ਼ਾਨਦਾਰ ਸਾਜ਼ੋ-ਸਾਮਾਨ ਨੂੰ ਲੁੱਟਣ ਤੋਂ ਰੋਕਿਆ; ਉਹ ਆਵਾਜ਼ ਲਗਾ ਰਹੇ ਸਨ: ਸਾਥੀਓ! ਕੁਝ ਵੀ ਨਾ ਚੁੱਕੋ! ਇਹ ਲੋਕਾਂ ਦੀ ਸੰਪਤੀ ਹੈ! ਵਿੰਟਰ ਪੈਲੇਸ ਦੀ ਰਾਖੀ ਕਰ ਰਹੇ ਇੱਕ ਹੋਰ ਚੌਕਸ ਮਲਾਹ ਨੇ ਨਵੀਂ ਆਰਜ਼ੀ ਸਰਕਾਰ ਦੇ ਇੱਕ ਮੰਤਰੀ ਅਤੇ ਸ਼ਹਿਰ ਦੇ ਮੇਅਰ ਨੂੰ ਅੰਦਰ ਜਾਣ ਤੋਂ ਰੋਕ ਦਿੱਤਾ। ਤੁਸੀਂ ਕੀ ਕਰੋਗੇ? ਬਿਨਾਂ ਹਥਿਆਰਾਂ ਵਾਲੇ ਉਨ੍ਹਾਂ ਦੋਵਾਂ ਨਾਗਰਿਕਾਂ ਨੇ ਉਸ ਤੋਂ ਪੁੱਛਿਆ। ਉਸ ਤਕੜੇ ਸਰੀਰ ਵਾਲੇ ਮਲਾਹ ਨੇ ਜਵਾਬ ਦਿੱਤਾ: ਅਸੀਂ ਤੁਹਾਡੀ ਛਿੱਤਰ-ਪਰੇਡ ਕਰਾਂਗੇ ਅਤੇ ਜੇ ਲੋੜ ਪਈ, ਤਾਂ ਤੁਹਾਨੂੰ ਗੋਲੀ ਵੀ ਮਾਰ ਦੇਵਾਂਗੇ!


ਵੀ ਆਈ ਲੈਨਿਨ


ਮਾਓ ਜੇ ਤੁੰਗ


ਫੀਡਲ ਕਾਸਟਰੋ


ਜੌਹਨ ਰੀਡ


ਐਡਗਰ ਸਨੋ


ਸਾਈਮਨ ਹਾਲ

ਲੈਨਿਨ ਨਾਲ ਮੁਲਾਕਾਤ ਦੌਰਾਨ ਰੀਡ ਨੇ ਮਹਿਸੂਸ ਕੀਤਾ ਕਿ ਲੈਨਿਨ ਦੀਆਂ ਅੱਖਾਂ ਤੁਹਾਡੇ ਆਰ-ਪਾਰ ਦੇਖਦੀਆਂ ਸਨ... ਜਿਵੇਂ ਉਹ ਤੁਹਾਡੇ ਵਿੱਚ ਬੇਹੱਦ ਦਿਲਚਸਪੀ ਲੈ ਰਿਹਾ ਹੋਵੇ। ਰੀਡ ਦੀ ਕਿਤਾਬ '10 ਡੇਜ਼ ਦੈਟ ਸ਼ੁਕ ਦਾ ਵਰਡ' (1919) ਵਿੱਚ ਟਰਾਟਸਕੀ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ 10 ਅਕਤੂਬਰ 1917 ਨੂੰ ਲੈਨਿਨ ਨੇ ਹਥਿਆਰਬੰਦ ਬਗਾਵਤ ਦਾ ਸੱਦਾ ਇੱਕ ਬੱਚੇ ਦੀ ਕਾਪੀ ਦੇ ਚਕੋਰ ਖਾਨਿਆਂ ਵਾਲੇ ਪੰਨੇ ਉਤੇ ਪੈਂਸਿਲ ਦੇ ਚੱਬੇ ਹੋਏ ਸਿਰੇ ਨਾਲ ਜਲਦੀ-ਜਲਦੀ ਲਿਖਿਆ ਸੀ।

ਲੈਨਿਨ ਦੀ ਸੀਲਬੰਦ ਰੇਲ ਗੱਡੀ ਰਾਹੀਂ ਸਵਿਟਜ਼ਰਲੈਂਡ ਤੋਂ ਜਰਮਨੀ ਅਤੇ ਫਿਨਲੈਂਡ ਹੁੰਦੇ ਹੋਏ ਰੂਸ ਵਾਪਸੀ ਦੀ ਯਾਤਰਾ, ਚੀਨੀ ਲਾਲ ਫ਼ੌਜ ਦੇ ਲਾਂਗ ਮਾਰਚ ਦੀਆਂ ਮੁਸ਼ਕਲਾਂ ਦੇ ਮੁਕਾਬਲੇ ਕਾਫ਼ੀ ਆਰਾਮਦਾਇਕ ਸੀ।

ਜਿਆਂਗਸ਼ੀ ਤੋਂ ਲਗਭਗ ਇੱਕ ਲੱਖ ਸੈਨਿਕ ਅਤੇ ਪਾਰਟੀ ਕਾਰਕੁਨ ਲਾਂਗ ਮਾਰਚ 'ਤੇ ਨਿਕਲੇ ਸਨ, ਪਰ ਕਰੀਬ 9,000 ਕਿਲੋਮੀਟਰ ਦੂਰ ਯਾਨਆਨ ਪਹੁੰਚਣ ਵਾਲਿਆਂ ਦੀ ਗਿਣਤੀ ਸਿਰਫ਼ ਲਗਭਗ 6,000 ਰਹਿ ਗਈ ਸੀ।

ਐਡਗਰ ਸਨੋ ਨੇ ਪਹਿਲੀ ਵਾਰ 1936 ਵਿੱਚ ਮਾਓ ਨਾਲ ਮੁਲਾਕਾਤ ਕੀਤੀ। ਉਸ ਨੇ ਮਾਓ ਨੂੰ ਦੁਬਲਾ-ਪਤਲਾ, ਕੁਝ ਹੱਦ ਤੱਕ ਲਿੰਕਨ ਵਰਗਾ ਚਿਹਰਾ ਰੱਖਣ ਵਾਲਾ ਵਿਅਕਤੀ ਦੱਸਿਆ, ਜਿਸ ਦੇ ਚਿਹਰੇ ਤੋਂ ਬੌਧਿਕ ਸੂਝ-ਬੂਝ ਝਲਕਦੀ ਸੀ। ਸਨੋ ਅਨੁਸਾਰ ਮਾਓ ਦੀ ਮਹਾਨਤਾ ਦਾ ਇੱਕ ਵੱਡਾ ਕਾਰਨ ਇਹ ਸੀ ਕਿ ਉਸ ਵਿੱਚ ਲੱਖਾਂ ਆਪਣੇ ਦੇਸ਼ ਵਾਸੀਆਂ ਖ਼ਾਸ ਕਰਕੇ ਕਿਸਾਨਾਂ ਦੀਆਂ ਮੰਗਾਂ ਨੂੰ ਆਪਣੇ ਅੰਦਰ ਸਮੋ ਲੈਣ ਦੀ ਅਸਾਧਾਰਨ ਸਮਰੱਥਾ ਸੀ।

ਸਨੋ ਨੇ ਚੀਨ ਵਿੱਚ ਤਿੰਨ ਮਹੀਨਿਆਂ ਦੇ ਆਪਣੇ ਠਹਿਰਾਅ ਦੀਆਂ ਯਾਦਾਂ ਨੂੰ ਇੱਕ ਕਿਤਾਬ 'ਰੈੱਡ ਸਟਾਰ ਓਵਰ ਚਾਈਨਾ' (1937) ਵਿੱਚ ਦਰਜ ਕੀਤਾ। ਇਸ ਕਿਤਾਬ ਦਾ ਪ੍ਰਭਾਵ ਬੇਹੱਦ ਵਿਆਪਕ ਸੀ, ਇੱਥੋਂ ਤੱਕ ਕਿ ਵਾਸ਼ਿੰਗਟਨ ਦੇ ਸਭ ਤੋਂ ਉੱਚੇ ਸਿਆਸੀ ਹਲਕਿਆਂ ਵਿੱਚ ਵੀ। ਅਮਰੀਕੀ ਰਾਸ਼ਟਰਪਤੀ ਫਰੈਂਕਲਿਨ ਡੀ. ਰੂਜ਼ਵੈਲਟ ਦੇ ਗ੍ਰਹਿ ਮੰਤਰੀ ਐੱਚ. ਆਈਕਸ ਨੇ ਦੂਰਅੰਦੇਸ਼ੀ ਨਾਲ ਕਿਹਾ ਸੀ ਕਿ ਜਿਹੜੀ ਕੌਮ ਉਹ ਕੁਝ ਕਰ ਸਕਦੀ ਹੈ, ਜੋ ਲਾਲ ਫ਼ੌਜ ਨੇ ਲਾਂਗ ਮਾਰਚ ਅਤੇ ਉਸ ਤੋਂ ਬਾਅਦ ਕੀਤਾ, ਉਹ ਨਿਸ਼ਚਿਤ ਤੌਰ 'ਤੇ ਅਜਿੱਤ ਹੈ।

ਸਾਈਮਨ ਹਾਲ ਵੱਲੋਂ 1956-59 ਦੇ ਕਿਊਬਾ ਇਨਕਲਾਬ ਨੂੰ ਇਨ੍ਹਾਂ ਤਿੰਨ ਇਨਕਲਾਬਾਂ ਵਿੱਚ ਸ਼ਾਮਲ ਕਰਨਾ ਪਹਿਲੀ ਨਜ਼ਰ ਵਿੱਚ ਹੈਰਾਨੀਜਨਕ ਲੱਗ ਸਕਦਾ ਹੈ, ਪਰ ਜਦੋਂ ਕਾਸਤਰੋ ਦੀ ਸਫਲਤਾ ਦੀ ਕਹਾਣੀ ਪੜ੍ਹੀ ਜਾਂਦੀ ਹੈ ਤਾਂ ਇਹ ਗੱਲ ਸਮਝ ਆਉਂਦੀ ਹੈ। ਜਨਰਲ ਬਤਿਸਤਾ ਦੇ ਸਿਪਾਹੀਆਂ ਨੇ ਕਾਸਤਰੋ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਇੱਕ ਹਮਦਰਦ ਲੈਫਟੀਨੈਂਟ ਨੇ ਉਸ ਦੀ ਜਾਨ ਬਚਾਉਂਦਿਆਂ ਆਪਣੇ ਸਿਪਾਹੀਆਂ ਨੂੰ ਕਿਹਾ: ਗੋਲੀ ਨਾ ਚਲਾਓ। ਤੁਸੀਂ ਵਿਚਾਰਾਂ ਨੂੰ ਨਹੀਂ ਮਾਰ ਸਕਦੇ। ਕਾਸਤਰੋ 'ਤੇ ਮੁਕੱਦਮਾ ਚੱਲਿਆ ਅਤੇ ਉਸ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਅਦਾਲਤ ਵਿੱਚ ਉਸ ਨੇ ਨਿਡਰ ਭਾਸ਼ਣ ਦਿੱਤਾ: ਮੈਨੂੰ ਜੇਲ੍ਹ ਤੋਂ ਡਰ ਨਹੀਂ ਲੱਗਦਾ। ਮੈਨੂੰ ਸਜ਼ਾ ਦਿਓ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਇਤਿਹਾਸ ਮੈਨੂੰ ਬਰੀ ਕਰ ਦੇਵੇਗਾ।

ਬਤਿਸਤਾ ਨੇ ਕਾਸਤਰੋ ਨੂੰ ਸਮੇਂ ਤੋਂ ਪਹਿਲਾਂ ਆਮ ਮਾਫ਼ੀ ਦੇ ਕੇ ਇੱਕ ਵੱਡੀ ਗਲਤੀ ਕੀਤੀ। ਕਾਸਤਰੋ ਨੇ ਇਸ ਦਾ ਜਵਾਬ ਮੈਕਸੀਕੋ ਤੋਂ ਜਲਾਵਤਨੀ ਖ਼ਤਮ ਕਰਕੇ ਕਿਊਬਾ ਵਾਪਸ ਆ ਕੇ ਦਿੱਤਾ। 1956 ਵਿੱਚ ਉਹ 'ਗ੍ਰਾਨਮਾ' ਨਾਂਅ ਦੀ ਇੱਕ ਚਰਮਰਾਉਂਦੀ ਅਤੇ ਲੀਕ ਕਰਦੀ ਮਨੋਰੰਜਨ ਵਾਲੀ ਯਾਟ ਵਿੱਚ ਕਿਊਬਾ ਪਹੁੰਚਿਆ। ਇਹ ਉਤਰਨਾ ਘੱਟ ਅਤੇ ਜਹਾਜ਼ ਦੇ ਤਬਾਹ ਹੋਣ ਵਰਗਾ ਵੱਧ ਸੀ। ਬਤਿਸਤਾ ਦੇ ਸਿਪਾਹੀਆਂ ਵੱਲੋਂ ਪਿੱਛਾ ਕੀਤੇ ਜਾਣ 'ਤੇ ਕਾਸਤਰੋ ਸੀਏਰਾ ਮਾਏਸਤਰਾ ਦੇ ਪਹਾੜਾਂ ਵਿੱਚ ਜਾ ਲੁਕਿਆ। ਉਸ ਸਮੇਂ ਉਹ ਦੋ ਆਦਮੀਆਂ, ਕੁਝ ਰਾਈਫ਼ਲਾਂ ਅਤੇ 120 ਗੋਲੀਆਂ ਦਾ ਕਮਾਂਡਰ ਸੀ। ਉੱਥੇ ਉਸ ਦਾ ਭਰਾ ਰਾਉਲ ਵੀ ਆ ਗਿਆ ਅਤੇ ਉਹ ਪੰਜ ਬੰਦੂਕਾਂ ਲੈ ਕੇ ਆਇਆ ਸੀ। ਕਾਸਤਰੋ ਨੇ ਬੜੇ ਵਿਸ਼ਵਾਸ ਨਾਲ ਕਿਹਾ: ਹੁਣ ਸੱਤ ਹੋ ਗਏ, ਅਸੀਂ ਜੰਗ ਜਿੱਤ ਲਈ ਹੈ!

ਹਰਬਰਟ ਮੈਥਿਊਜ਼ ਨੇ ਸੀਏਰਾ ਮਾਏਸਤਰਾ ਵਿੱਚ ਕਾਸਤਰੋ ਦਾ ਇੰਟਰਵਿਊ ਕੀਤਾ। ਬਾਅਦ ਵਿੱਚ ਉਸ ਨੇ ਲਿਖਿਆ: ਉਸ ਨੇ ਕਿਊਬਾ ਦੇ ਨੌਜਵਾਨਾਂ ਦੀ ਕਲਪਨਾ ਨੂੰ ਆਪਣੇ ਵੱਸ ਵਿੱਚ ਕਰ ਲਿਆ ਹੈ, ਕਿਉਂਕਿ ਉਹ ਇੱਕ ਪੜ੍ਹਿਆ-ਲਿਖਿਆ, ਸਮਰਪਿਤ ਜਨੂੰਨੀ, ਆਦਰਸ਼ਾਂ ਵਾਲਾ, ਦਲੇਰ ਅਤੇ ਅਸਾਧਾਰਨ ਆਗੂ ਗੁਣਾਂ ਵਾਲਾ ਵਿਅਕਤੀ ਹੈ। ਸਿਰਫ਼ ਤਿੰਨ ਸਾਲਾਂ ਦੇ ਅੰਦਰ ਕਾਸਤਰੋ ਨੇ ਅਮਰੀਕਾ ਦੀ ਹਮਾਇਤ ਪ੍ਰਾਪਤ ਜਨਰਲ ਬਤਿਸਤਾ ਦੀ ਸਰਕਾਰ ਨੂੰ ਉਖਾੜ ਦਿੱਤਾ।

21ਵੀਂ ਸਦੀ ਵਿੱਚ ਅੰਦਰੂਨੀ ਟਕਰਾਵਾਂ ਨੇ ਇਨਕਲਾਬਾਂ ਦੀ ਥਾਂ ਲੈ ਲਈ ਹੈ। ਤਾਨਾਸ਼ਾਹੀ ਹਕੂਮਤਾਂ ਦੇਖਣ ਦੀ ਹਿੰਮਤ ਕਰਨ ਵਾਲੀਆਂ ਅੱਖਾਂ 'ਤੇ ਪੱਟੀ ਬੰਨ੍ਹ ਸਕਦੀਆਂ ਹਨ। ਹਾਲਾਂਕਿ, ਇਨਕਲਾਬ ਸੁਨਾਮੀ ਵਾਂਗ ਅਣ-ਅਨੁਮਾਨਿਤ ਹੁੰਦੇ ਹਨ। ਉਹ ਉਨ੍ਹਾਂ ਆਗਿਆਕਾਰੀ ਕਾਰਕੁਨਾਂ ਦੀ ਉਡੀਕ ਨਹੀਂ ਕਰਦੇ, ਜੋ ਲੈਨਿਨ ਦੇ ਸ਼ਬਦਾਂ ਵਿੱਚ ਆਰਾਮਦਾਇਕ ਕੁਰਸੀ 'ਤੇ ਬੈਠ ਕੇ ਵਿਚਾਰਾਂ ਰਾਹੀਂ ਕਲਪਨਾ-ਮਾਤਰ ਕਾਰਵਾਈ ਦੀਆਂ ਵਿਉਂਤਾਂ ਘੜਦੇ ਰਹਿੰਦੇ ਹਨ।

*(ਇਹ ਲੇਖ ਪਹਿਲੀ ਵਾਰ 'ਥਰੀ ਰੈਵੋਲਿਊਸ਼ਨਜ਼' ਸਿਰਲੇਖ ਹੇਠ 1 ਅਕਤੂਬਰ 2026 ਨੂੰ ਡਾਨ ਵਿੱਚ ਪ੍ਰਕਾਸ਼ਤ ਹੋਇਆ ਸੀ। ਡਾਨ, ਦਾ ਡੇਲੀ ਸਟਾਰ ਦਾ ਇੱਕ ਏ ਐਨ ਐਨ ਭਾਈਵਾਲ ਹੈ। ਐੱਫ ਐੱਸ.ਐਜਾਜ਼ੁਦੀਨ ਪਾਕਿਸਤਾਨ ਦੇ ਪ੍ਰਸਿੱਧ ਪੱਤਰਕਾਰ ਅਤੇ ਲੇਖਕ ਹਨ।)*

